# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 27.05.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | May-2024 | Published in Punjab | Pages 8


## ਮੋਦੀ ਜੀ ਕਹਿੰਦੇ ਹਨ ਹਿਮਾਚਲ ਮੇਰਾ ਦੂਜਾ ਘਰ ਪਰ ਉਹ ਆਫ਼ਤ ਦੇ ਸਮੇਂ ਇੱਥੇ ਆਉਂਦੇ ਨਹੀਂ



ਕਾਂਗਰਸ ਦੀ ਰਾਸ਼ਟਰੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਅੱਜ ਯਾਨੀ ਕਿ 27 ਮਈ ਨੂੰ ਹਿਮਾਚਲ ਪ੍ਰਦੇਸ਼ ਦੇ ਚੰਬਾ ਪਹੁੰਚੀ। ਇੱਥੇ ਉਨ੍ਹਾਂ ਜਨ ਸਭਾ ਨੂੰ ਸੰਬੋਧਿਤ ਕੀਤਾ। ਪ੍ਰਿਯੰਕਾ ਗਾਂਧੀ ਨੇ ਮਾਂ ਦੁਰਗਾ ਦੀ ਜੈ ਨਾਲ ਸੰਬੋਧਨ ਸ਼ੁਰੂ ਕੀਤਾ। ਉਨ੍ਹਾਂ ਨੇ ਕਿਹਾ ਕਿ ਇੱਥੇ ਆ ਕੇ ਖੁਸ਼ੀ ਹੋ ਰਹੀ ਹੈ। ਮੇਰਾ ਦਿਲ ਹਿਮਾਚਲ ਪ੍ਰਦੇਸ਼ ਵਿਚ ਹੀ ਰਹਿੰਦਾ ਹੈ। ਜਦੋਂ ਵੀ ਉਹ ਹਿਮਾਚਲ ਆਉਂਦੀ ਹੈ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ। ਪ੍ਰਿਯੰਕਾ ਨੇ ਕਿਹਾ ਕਿ ਹਿਮਾਚਲ ਵਿਚ ਲੋਕ ਸਭਾ ਦੇ ਨਾਲ-ਨਾਲ 6 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਵੀ ਹਨ। ਪ੍ਰਦੇਸ਼ ਸਰਕਾਰ ਦਾ ਭਵਿੱਖ ਜ਼ਿਮਨੀ ਚੋਣਾਂ 'ਤੇ ਨਿਰਭਰ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਤੁਸੀ ਪ੍ਰਦੇਸ਼ ਦੀ ਸਰਕਾਰ ਚੁਣੀ ਤਾਂ ਤੁਸੀਂ ਬਦਲਾਅ ਲਈ ਕਾਂਗਰਸ ਸਰਕਾਰ ਬਣਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤੰਜ਼ ਕੱਸਦਿਆਂ ਕਿਹਾ ਕਿ ਉਹ ਦੇਵਤਾਵਾਂ ਦੀ ਗੱਲ ਕਰਦੇ ਹਨ। ਮੋਦੀ ਜੀ ਨੇ ਜਨਤਾ ਵਲੋਂ ਚੁਣੀ ਸਰਕਾਰ ਨੂੰ ਧਨ ਨਾਲ ਡਿਗਾਉਣ ਦੀ ਕੋਸ਼ਿਸ਼ ਕੀਤੀ। ਜੋ ਪ੍ਰਧਾਨ ਮੰਤਰੀ ਇਸ ਤਰ੍ਹਾਂ ਦੀ ਸਾਜ਼ਿਸ਼ ਰਚੇ, ਅਜਿਹੀ ਭ੍ਰਿਸ਼ਟ ਸਾਜ਼ਿਸ਼ ਕਰਨ ਵਾਲਿਆਂ ਦੇ ਮਨ ਵਿਚ ਹਿਮਾਚਲ ਪ੍ਰਤੀ ਆਦਰ ਨਹੀਂ ਹੋ ਸਕਦਾ। ਅਜਿਹੇ ਲੋਕਾਂ ਦਾ ਮਕਸਦ ਕਿਸੇ ਵੀ ਹਾਲਤ ਵਿਚ ਸੱਤਾ ਨੂੰ ਆਪਣੇ ਹੱਥਾਂ 'ਚ ਰੱਖਣਾ ਹੈ। ਨਰਿੰਦਰ ਮੋਦੀ ਅਤੇ ਭਾਜਪਾ ਦਾ ਮਕਸਦ ਸਿਰਫ ਸੱਤਾ ਹਾਸਲ ਕਰਨਾ ਹੈ। ਫਿਰ ਚਾਹੇ ਹਿਮਾਚਲ ਦੀ ਜਨਤਾ ਨੂੰ ਗੁੰਮਰਾਹ ਜਾਂ ਉਨ੍ਹਾਂ ਤੋਂ ਝੂਠ ਹੀ ਕਿਉਂ ਨਾ ਬੋਲਣਾ ਪਵੇ। ਮੋਦੀ ਜੀ ਕਹਿੰਦੇ ਹਨ ਹਿਮਾਚਲ ਮੇਰਾ ਦੂਜਾ ਘਰ ਪਰ ਉਹ ਆਫ਼ਤ ਦੇ ਸਮੇਂ ਇੱਥੇ ਨਹੀਂ ਆਉਂਦੇ।

ਪ੍ਰਿਯੰਕਾ ਨੇ ਅੱਗੇ ਕਿਹਾ ਕਿ 10 ਸਾਲਾਂ ਵਿਚ ਮੋਦੀ ਸਰਕਾਰ ਨੇ ਵੱਡੇ ਅਰਬਪਤੀਆਂ ਲਈ ਹੀ ਨੀਤੀਆਂ ਬਣਾਈਆਂ। ਧਨ ਬਲ ਨਾਲ ਹੀ ਵਿਧਾਇਕਾਂ ਨੂੰ ਖਰੀਦਿਆ ਜਾਂਦਾ ਹੈ। ਧਨ ਬਲ ਨਾਲ ਹੀ ਵੱਡੇ-ਵੱਡੇ ਟੀ. ਵੀ. ਚੈਨਲ ਚਲਾਉਂਦੇ ਹਨ। ਇਹ ਧਨ ਬਲ ਵੱਡੇ-ਵੱਡੇ ਅਰਬਪਤੀਆਂ ਤੋਂ ਆਉਂਦਾ ਹੈ। ਪਿਛਲੇ 10 ਸਾਲਾਂ ਤੋਂ ਜਿੰਨੀਆਂ ਵੀ ਨੀਤੀਆਂ ਬਣੀਆਂ, ਉਹ ਵੱਡੇ-ਵੱਡੇ ਅਰਬਪਤੀਆਂ ਲਈ ਬਣੀਆਂ। ਨੌਜਵਾਨਾਂ ਲਈ ਅਗਨੀਵੀਰ ਵਰਗੀ ਯੋਜਨਾ ਬਣਾਈ ਹੈ, ਤਾਂ ਕਿ ਰੱਖਿਆ ਖੇਤਰ ਵਿਚ ਵੀ ਅਰਬਪਤੀਆਂ ਦਾ ਹੱਥ ਹੋਵੇ। ਜਦੋਂ OPS ਦੀ ਗੱਲ ਆਉਂਦੀ ਹੈ ਤਾਂ ਮੋਦੀ ਜੀ ਕਹਿੰਦੇ ਹਨ ਕਿ ਪੈਸੇ ਨਹੀਂ ਹਨ ਅਤੇ ਅਰਬਪਤੀਆਂ ਨੂੰ ਫਾਇਦਾ ਦੇਣਾ ਹੋਵੇ ਤਾਂ ਖਜ਼ਾਨਾ ਭਰਿਆ ਹੁੰਦਾ ਹੈ। ਪ੍ਰਿਯੰਕਾ ਨੇ ਕਿਹਾ ਕਿ ਹਿਮਾਚਲ ਦੇ ਸੇਬ ਕਿਸਾਨਾਂ ਦਾ ਹਾਲ ਦੇਖ ਲਓ। ਤਮਾਮ ਕੋਲਡ ਸਟੋਰ ਵੱਡੇ-ਵੱਡੇ ਖਰਬਪਤੀਆਂ ਨੂੰ ਦਿੱਤੇ ਗਏ ਹਨ। ਕੀਮਤ ਵੀ ਇਹ ਉਦਯੋਗਪਤੀ ਤੈਅ ਕਰ ਰਹੇ ਹਨ। ਜਿਸ ਕਾਰਨ ਕਿਸਾਨਾਂ ਨੂੰ ਫਸਲ ਦੀ ਉੱਚਿਤ ਕੀਮਤ ਨਹੀਂ ਮਿਲਦੀ। ਜਨਤਾ ਮਹਿੰਗਾਈ ਨਾਲ ਜੂਝ ਰਹੀ ਹੈ।

## ਨਿਯਮਾਂ ਦੀ ਉਲੰਘਣਾ ਕਰਨ ’ਤੇ IOC, GAIL, ONGC ਸਮੇਤ ਹੋਰ ਕੰਪਨੀਆਂ ’ਤੇ ਲੱਗਾ ਜੁਰਮਾਨਾ

ਸੂਚੀਬੱਧਤਾ ਨਿਯਮਾਂ ਅਨੁਸਾਰ ਕੰਪਨੀਆਂ ਦੇ ਬੋਰਡਾਂ ’ਚ ਸੁਤੰਤਰ ਨਿਰਦੇਸ਼ਕਾਂ ਦੀ ਗਿਣਤੀ ਵੀ ਕਾਰਜਕਾਰੀ ਨਿਰਦੇਸ਼ਕਾਂ ਦੀ ਗਿਣਤੀ ਦੇ ਅਨੁਪਾਤ ’ਚ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਬੋਰਡ ’ਚ ਘੱਟੋ-ਘੱਟ ਇਕ ਮਹਿਲਾ ਡਾਇਰੈਕਟਰ ਹੋਣੀ ਚਾਹੀਦੀ ਹੈ। ਓ. ਐੱਨ. ਜੀ. ਸੀ. ਨੇ ਕਿਹਾ ਕਿ ਉਸ ਦੇ ਬੋਰਡ ’ਚ ਇਕ ਸੁਤੰਤਰ ਡਾਇਰੈਕਟਰ ਦੀ ਕਮੀ ਕਾਰਨ ਉਸ ’ਤੇ ਜੁਰਮਾਨਾ ਲਾਇਆ ਗਿਆ ਹੈ। ਆਈ. ਓ. ਸੀ. ਨੇ ਕਿਹਾ ਕਿ ਨਿਰਦੇਸ਼ਕਾਂ (ਸੁਤੰਤਰ ਨਿਰਦੇਸ਼ਕਾਂ ਸਮੇਤ) ਦੀ ਨਿਯੁਕਤੀ ਕਰਨ ਦਾ ਅਧਿਕਾਰ ਭਾਰਤ ਸਰਕਾਰ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲਾ ਕੋਲ ਹੈ। ਅਜਿਹੇ ’ਚ ਨਿਰਦੇਸ਼ਕ ਮੰਡਲ ’ਚ ਮਹਿਲਾ ਨਿਰਦੇਸ਼ਕ ਜਾਂ ਸੁਤੰਤਰ ਨਿਰਦੇਸ਼ਕ ਦੀ ਨਿਯੁਕਤੀ ਸਰਕਾਰ ਨੂੰ ਕਰਨੀ ਹੁੰਦੀ ਹੈ। ਉਹ ਇਸ ਭੁੱਲ ਲਈ ਜ਼ਿੰਮੇਵਾਰ ਨਹੀਂ ਹੈ ਅਤੇ ਉਸ ਤੋਂ ਜੁਰਮਾਨਾ ਹਟਾਇਆ ਜਾਣਾ ਚਾਹੀਦਾ ਹੈ। ਹੋਰ ਕੰਪਨੀਆਂ ਨੇ ਵੀ ਇਸ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਹਨ।



ਇੰਡੀਅਨ ਆਇਲ, ਓ. ਐੱਨ. ਜੀ. ਸੀ. ਅਤੇ ਗੇਲ (ਇੰਡੀਆ) ਲਿਮਟਿਡ ਸਮੇਤ ਕਈ ਜਨਤਕ ਖੇਤਰ ਦੀਆਂ ਕਈ ਤੇਲ ਅਤੇ ਗੈਸ ਕੰਪਨੀਆਂ ’ਤੇ ਸੂਚੀਬੱਧਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬੋਰਡ ’ਤੇ ਜ਼ਰੂਰੀ ਗਿਣਤੀ ’ਚ ਡਾਇਰੈਕਟਰਾਂ ਦੀ ਨਿਯੁਕਤੀ ਕਰਨ ’ਚ ਅਸਫਲ ਰਹਿਣ ਨੂੰ ਲੈ ਕੇ ਲਗਾਤਾਰ ਚੌਥੀ ਤਿਮਾਹੀ ’ਚ ਜੁਰਮਾਨਾ ਲਾਇਆ ਗਿਆ ਹੈ।

ਸ਼ੇਅਰ ਬਾਜ਼ਾਰਾਂ ਨੇ ਜਨਵਰੀ-ਮਾਰਚ ਤਿਮਾਹੀ ’ਚ ਸੂਚੀਬੱਧਤਾ ਜ਼ਰੂਰਤ ਨੂੰ ਪੂਰਾ ਕਰਨ ’ਤੇ ਇੰਡੀਅਨ ਆਇਲ ਕਾਰਪੋਰੇਸ਼ਨ (ਅਾਈ. ਓ. ਸੀ.), ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਐੱਚ. ਪੀ. ਸੀ. ਐੱਲ), ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਬੀ. ਪੀ. ਸੀ. ਐੱਲ.) ਤੇਲ ਅਤੇ ਕੁਦਰਤੀ ਗੈਸ ਨਿਗਮ (ਓ. ਐੱਨ. ਜੀ. ਸੀ.), ਆਇਲ ਇੰਡੀਆ ਲਿ. (ਓ. ਆਈ. ਐੱਲ.) ਅਤੇ ਮੈਂਗਲੂਰ ਰਿਫਾਇਨਰੀ ਐਂਡ ਪੈਟਰੋ ਕੈਮੀਕਲਜ਼ (ਐੱਮ. ਆਰ. ਪੀ. ਐੱਲ.) ’ਤੇ ਕੁੱਲ ਮਿਲਾ ਕੇ 34 ਲੱਖ ਰੁਪਏ ਦਾ ਜੁਰਮਾਨਾ ਲਾਇਆ ਹੈ। ਸ਼ੇਅਰ ਬਾਜ਼ਾਰਾਂ ਤੋਂ ਇਹ ਜਾਣਕਾਰੀ ਮਿਲੀ ਹੈ।

ਇਨ੍ਹਾਂ ਕੰਪਨੀਆਂ ਨੇ ਵੱਖ ਤੋਂ ਦਿੱਤੀ ਜਾਣਕਾਰੀ ’ਚ ਬੀ. ਐੱਸ. ਈ. ਅਤੇ ਐੱਨ. ਐੱਸ. ਈ. ਨੇ ਉਸ ’ਤੇ ਲਾਏ ਜੁਰਮਾਨੇ ਦੀ ਜਾਣਕਾਰੀ ਦਿੱਤੀ ਹੈ। ਇਹ ਜੁਰਮਾਨਾ 31 ਮਾਰਚ, 2024 ਤੱਕ ਆਪਣੇ ਬੋਰਡ ਆਫ ਡਾਇਰੈਕਟਰਜ਼ ’ਚ ਲੋੜੀਂਦੀ ਗਿਣਤੀ ’ਚ ਸੁਤੰਤਰ ਨਿਰਦੇਸ਼ਕਾਂ ਜਾਂ ਮਹਿਲਾ ਨਿਰਦੇਸ਼ਕਾਂ ਦੀਆਂ ਨਿਯੁਕਤੀਆਂ ਨਾ ਕਰਨ ਲਈ ਲਾਇਆ ਗਿਆ ਹੈ।

# ਪੰਜਾਬ ਦੇ ਇਸ ਜ਼ਿਲ੍ਹੇ ਚ ਬੰਦ ਰਹਿਣਗੀ ਆਂ ਇਹ ਦੁਕਾਨਾਂ




ਸ੍ਰੀ ਦੁਰਗਾ ਮੰਡਲ ਮੰਦਿਰ ਮਾਤਾ ਭੱਦਰਕਾਲੀ ਵੈੱਲਫੇਅਰ ਸੋਸਾਇਟੀ ਵੱਲੋਂ ਮਾਤਾ ਭੱਦਰਕਾਲੀ ਜੀ ਦੇ 77ਵੇਂ ਮੇਲੇ ਦੇ ਮੱਦੇਨਜ਼ਰ 27 ਮਈ ਨੂੰ ਸਜਾਈ ਜਾਣ ਵਾਲੀ ਸ਼ੋਭਾ ਯਾਤਰਾ ਦੌਰਾਨ ਸ਼ੋਭਾ ਯਾਤਰਾ ਦੇ ਰੂਟ 'ਤੇ ਸ਼ਰਾਬ ਅਤੇ ਮੀਟ ਦੀਆਂ ਦੁਕਾਨਾਂ ਬੰਦ ਰਹਿਣਗੀਆਂ।
ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸੋਮਵਾਰ ਨੂੰ ਸ਼ੋਭਾ ਯਾਤਰਾ ਦੇ ਸਮੇਂ ਇਸ ਰੂਟ 'ਤੇ ਪੈਂਦੀਆਂ ਸਾਰੀਆਂ ਮੀਟ/ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦੀ ਹਦਾਇਤ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ 27 ਮਈ ਨੂੰ ਸ਼ਾਮ 5 ਵਜੇ ਸ੍ਰੀ ਬ੍ਰਹਮ ਕੁੰਡ ਮੰਦਿਰ ਤੋਂ ਸ਼ੋਭਾ ਯਾਤਰਾ ਆਰੰਭ ਹੋ ਕੇ ਪੁਰਾਣੀ ਦਾਣਾ ਮੰਡੀ ਰਾਹੀਂ ਹੁੰਦੀ ਹੋਈ ਮਾਤਾ ਭੱਦਰਕਾਲੀ ਮੰਦਰ ਵਿਖੇ ਪਹੁੰਚੇਗੀ। ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਸੰਬੰਧੀ ਹੁਕਮ ਜਾਰੀ ਕਰਕੇ ਸ਼ੋਭਾ ਯਾਤਰਾ ਦੌਰਾਨ ਰੂਟ ‘ਤੇ ਪੈਂਦੇ ਸ਼ਰਾਬ ਦੇ ਠੇਕੇ ਅਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੇ ਆਦੇਸ਼ ਦਿੱਤੇ ਹਨ।

# ਰਾਘਵ ਚੱਢਾ ਅੱਜ ਤੋਂ ਪੰਜਾਬ ‘ਚ ਕਰਨਗੇ ਚੋਣ ਪ੍ਰਚਾਰ, ਲੁਧਿਆਣਾ ਤੇ ਖੰਨਾ ‘ਚ ਕਰਨਗੇ ਰੋਡ ਸ਼ੋਅ



ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅੱਜ ਤੋਂ ਪੰਜਾਬ ਵਿੱਚ ਲੋਕ ਸਭਾ ਚੋਣ ਪ੍ਰਚਾਰ ਵਿੱਚ ਸਰਗਰਮ ਹੋ ਰਹੇ ਹਨ। ਚੱਢਾ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਨਗੇ। ਉਹ ਲੁਧਿਆਣਾ ਤੇ ਖੰਨਾ ‘ਚ ਰੋਡ ਸ਼ੋਅ ਕਰਨਗੇ। ਚੱਢਾ ਅੱਜ ਦੁਪਹਿਰ 1 ਵਜੇ ਤੋਂ ਬਾਅਦ ਰੋਡ ਸ਼ੋਅ ਅਤੇ ਜਨ ਸਭਾਵਾਂ ਨੂੰ ਸੰਬੋਧਨ ਕਰਨਾ ਸ਼ੁਰੂ ਕਰਨਗੇ।
ਰਾਘਵ ਚੱਢਾ ਸਭ ਤੋਂ ਪਹਿਲਾਂ ਸਾਹਨੇਵਾਲ ਦੀਪ ਕਲੋਨੀ, ਢੰਡਾਰੀ ਖੁਰਦ ਫੋਕ ਪੁਆਇੰਟ ਪਹੁੰਚਣਗੇ। ਇੱਥੋਂ ਉਹ ਪਾਇਲ ਵਿਧਾਨ ਸਭਾ ਹਲਕੇ ਦੇ ਐਸਬੀਐਸ ਨਗਰ ਵਿੱਚ ਲੋਕਾਂ ਨੂੰ ਮਿਲਣਗੇ। ਚੱਢਾ ਸ਼ਾਮ 4 ਵਜੇ ਕ੍ਰਿਸ਼ਨਾ ਨਗਰ, ਖੰਨਾ ਵਿੱਚ ਇੱਕ ਜਨ ਸਭਾ ਨੂੰ ਸੰਬੋਧਨ ਕਰਨਗੇ। ਚੱਢਾ ਲੋਕ ਸਭਾ ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਅਤੇ ਲੁਧਿਆਣਾ ਤੋਂ ਅਸ਼ੋਕ ਪਰਾਸ਼ਰ ਪੱਪੀ ਲਈ ਲੋਕਾਂ ਦਾ ਸਮਰਥਨ ਮੰਗਣਗੇ।

# ਦਿੱਲੀ ਦੇ CM ਕੇਜਰੀਵਾਲ ਦਾ ਅੰਮ੍ਰਿਤਸਰ 'ਚ ਜ਼ੋਰਦਾਰ ਪ੍ਰਚਾਰ, PM ਮੋਦੀ ਤੇ ਅਮਿਤ ਸ਼ਾਹ ਦੇ ਵਿੰਨ੍ਹੇ ਨਿਸ਼ਾਨੇ

ਅੱਜ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅੰਮ੍ਰਿਤਸਰ ਵਿਖੇ ਵਪਾਰੀਆਂ ਨਾਲ ਅਹਿਮ ਮੀਟਿੰਗ ਕੀਤੀ। ਉਨ੍ਹਾਂ ਕਿਹਾ ਮੈਂ ਪਹਿਲਾਂ ਵੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਮੋਹਾਲੀ 'ਚ ਵਪਾਰੀਆਂ ਨਾਲ ਮੀਟਿੰਗ ਕਰ ਚੁੱਕਾ ਹਾਂ, ਜਿਥੇ ਵਪਾਰੀਆਂ ਦੀ ਸਮੱਸਿਆਂਵਾਂ ਸੁਣੀਆਂ ਅਤੇ ਹੱਲ ਵੀ ਕੀਤੀ ਹਨ। ਉਨ੍ਹਾਂ ਕਿਹਾ ਵਪਾਰੀ ਅਤੇ ਉਦਯੋਗਪਤੀ ਦਾ ਦੇਸ਼ ਦੀ ਅਰਥਵਿਵਸਥਾ 'ਚ ਅਹਿਮ ਯੋਗਦਾਨ ਹੁੰਦਾ ਹੈ ਜੇਕਰ ਇਹ ਖੁਸ਼ ਨਾ ਹੋਏ ਤਾਂ ਦੇਸ਼ ਅੱਗੇ ਨਹੀਂ ਵੱਧ ਸਕੇਗਾ, ਕਿਉਂਕਿ ਇਹ ਦੇਸ਼ ਦੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਹਨ। ਕੇਜਰੀਵਾਲ ਨੇ ਕਿਹਾ ਮੈਨੂੰ ਯਾਦ ਹੈ ਮੋਦੀ ਜੀ ਆੜ੍ਹਤੀ ਅਤੇ ਵਪਾਰੀ ਨੂੰ ਦਲਾਲ ਕਹਿੰਦੇ ਹਨ ਪਰ ਅਸਲ 'ਚ ਉਹ ਦੇਸ਼ ਦੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਹਨ। ਉਨ੍ਹਾਂ ਕਿਹਾ ਤੁਸੀਂ ਵਪਾਰੀ ਲੋਕ ਸਾਡੇ ਲਈ ਬਹੁਤ ਮਹੱਤਵਪੂਰਨ ਲੋਕ ਹੋ। ਸਾਨੂੰ ਤੁਹਾਡੀਆਂ ਸਮੱਸਿਆਵਾਂ ਪਤਾ ਹੈ ਇਸ ਲਈ ਸਮੱਸਿਆਵਾਂ 'ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਕਿਹਾ ਜਦੋਂ ਮੈਂ ਪਹਿਲਾਂ ਆਇਆ ਸੀ ਤਾਂ ਵੋਟ ਮੰਗਣ ਲਈ ਨਹੀਂ ਆਇਆ ਸੀ ਪਰ ਅੱਜ ਮੈਂ ਤੁਹਾਡਾ ਕੋਲ ਲੋਕ ਸਭਾ ਚੋਣਾਂ ਲਈ ਸਹਿਯੋਗ ਮੰਗਣ ਆਇਆ ਹਾਂ। ਉਨ੍ਹਾਂ ਕਿਹਾ 2 ਸਾਲ ਪਹਿਲਾਂ ਜੋ ਕਿਹਾ ਸੀ ਉਹ ਕੰਮ ਵੀ ਹੋਏ ਹਨ, ਬਿਜਲੀ ਫ੍ਰੀ ਹੋਈ ਹੈ, ਮੁਹੱਲਾ ਕਲੀਨਿਕ, ਸਕੂਲ ਆਫ਼ ਐਮੀਨੈਂਸ ਅਤੇ ਅੰਮ੍ਰਿਤਸਰ 'ਚ ਸਕੂਲ ਆਫ਼ ਐਕਸੀਲੈਂਸ ਵੀ ਬਣਾਇਆ ਗਿਆ ਹੈ। ਕੇਜਰੀਵਾਲ ਨੇ ਕਿਹਾ ਪੂਰੇ ਦੇਸ਼ 'ਚੋਂ ਦਿੱਲੀ ਅਤੇ ਪੰਜਾਬ ਨੂੰ ਫ੍ਰੀ ਬਿਜਲੀ ਮਿਲ ਰਹੀ ਹੈ ਜੋ ਸਿਰਫ ਆਮ ਆਦਮੀ ਪਾਰਟੀ ਵਲੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ 3 ਸਾਲ ਅਜੇ ਸਾਡੇ ਕੋਲ ਹੋਰ ਹਨ ਜੋ ਕੰਮ ਰਹਿ ਗਏ ਉਹ ਸਾਰੇ ਪੂਰੇ ਕੀਤੇ ਜਾਣਗੇ।



ਉਨ੍ਹਾਂ ਕਿਹਾ ਤੁਸੀਂ ਸਾਨੂੰ ਸਟੇਟ 'ਚ 92 ਸੀਟਾਂ ਦਿੱਤੀਆਂ ਹੁਣ ਕੇਂਦਰ 'ਚ ਵੀ ਤਾਕਤ ਵਧਾਓ ਤਾਂ ਜੋ ਸਾਰੇ ਮਸਲੇ ਹੱਲ ਹੋ ਸਕਣ।ਅਰਵਿੰਦ ਕੇਜਰੀਵਾਲ ਨੇ ਕਿਹਾ ਕੇਂਦਰ ਤੁਹਾਡੇ 8 ਹਜ਼ਾਰ ਕਰੋੜ ਰੁਪਏ ਲੈ ਕੇ ਬੈਠਾ ਹੈ ਇਸ ਪੈਸੇ 'ਤੇ ਤੁਹਾਡੇ ਪੰਜਾਬ ਦੇ ਲੋਕਾਂ ਦਾ ਹੱਕ ਹੈ। ਉਨ੍ਹਾਂ ਕਿਹਾ ਅੱਜ ਇਕੱਲੇ ਭਗਵੰਤ ਮਾਨ ਕੇਂਦਰ ਸਰਕਾਰ ਨਾਲ ਲੜ ਰਹੇ ਹਨ। ਜੇਕਰ ਤੁਸੀਂ 13 ਐੱਮ. ਪੀ. ਜਿੱਤਾ ਦਿੱਤੇ ਤਾਂ ਭਗਵੰਤ ਮਾਨ ਦੇ 13 ਹੱਥ ਹੋ ਜਾਣਗੇ ਅਤੇ ਇਹ 13 ਕੇਂਦਰ ਸਰਕਾਰ ਨਾਲ ਲੜਣਗੇ ਅਤੇ ਮਸਲੇ ਹੱਲ ਹੋ ਜਾਣਗੇ। ਕੇਜਰੀਵਾਲ ਨੇ ਕਿਹਾ ਮੈਨੂੰ ਯਾਦ ਹੈ ਮੋਦੀ ਜੀ ਆੜ੍ਹਤੀ ਅਤੇ ਵਪਾਰੀ ਨੂੰ ਦਲਾਲ ਕਹਿੰਦੇ ਹਨ ਪਰ ਅਸਲ 'ਚ ਉਹ ਦੇਸ਼ ਦੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਹਨ। ਉਨ੍ਹਾਂ ਕਿਹਾ ਤੁਸੀਂ ਵਪਾਰੀ ਲੋਕ ਸਾਡੇ ਲਈ ਬਹੁਤ ਮਹੱਤਵਪੂਰਨ ਲੋਕ ਹੋ। ਸਾਨੂੰ ਤੁਹਾਡੀਆਂ ਸਮੱਸਿਆਵਾਂ ਪਤਾ ਹੈ ਇਸ ਲਈ ਸਮੱਸਿਆਵਾਂ 'ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਕਿਹਾ ਜਦੋਂ ਮੈਂ ਪਹਿਲਾਂ ਆਇਆ ਸੀ ਤਾਂ ਵੋਟ ਮੰਗਣ ਲਈ ਨਹੀਂ ਆਇਆ ਸੀ ਪਰ ਅੱਜ ਮੈਂ ਤੁਹਾਡਾ ਕੋਲ ਲੋਕ ਸਭਾ ਚੋਣਾਂ ਲਈ ਸਹਿਯੋਗ ਮੰਗਣ ਆਇਆ ਹਾਂ। ਉਨ੍ਹਾਂ ਕਿਹਾ 2 ਸਾਲ ਪਹਿਲਾਂ ਜੋ ਕਿਹਾ ਸੀ ਉਹ ਕੰਮ ਵੀ ਹੋਏ ਹਨ, ਬਿਜਲੀ ਫ੍ਰੀ ਹੋਈ ਹੈ, ਮੁਹੱਲਾ ਕਲੀਨਿਕ, ਸਕੂਲ ਆਫ਼ ਐਮੀਨੈਂਸ ਅਤੇ ਅੰਮ੍ਰਿਤਸਰ 'ਚ ਸਕੂਲ ਆਫ਼ ਐਕਸੀਲੈਂਸ ਵੀ ਬਣਾਇਆ ਗਿਆ ਹੈ। ਕੇਜਰੀਵਾਲ ਨੇ ਕਿਹਾ ਪੂਰੇ ਦੇਸ਼ 'ਚੋਂ ਦਿੱਲੀ ਅਤੇ ਪੰਜਾਬ ਨੂੰ ਫ੍ਰੀ ਬਿਜਲੀ ਮਿਲ ਰਹੀ ਹੈ ਜੋ ਸਿਰਫ ਆਮ ਆਦਮੀ ਪਾਰਟੀ ਵਲੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ 3 ਸਾਲ ਅਜੇ ਸਾਡੇ ਕੋਲ ਹੋਰ ਹਨ ਜੋ ਕੰਮ ਰਹਿ ਗਏ ਉਹ ਸਾਰੇ ਪੂਰੇ ਕੀਤੇ ਜਾਣਗੇ।

# ਪੰਜਾਬੀ ਮੂਲ ਦੇ ਕੈਨੇਡੀਅਨ ਪੱਤਰਕਾਰ ਨੂੰ ਡੂੰਘਾ ਸਦਮਾ, ਵੱਡੇ ਭਰਾ ਦੀ ਬੇਵਕਤੀ ਮੌਤ

ਕੈਨੇਡਾ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਮੀਡੀਆ ਤੇ ਰੀਅਲ ਅਸਟੇਟ ਦੀ ਦੁਨੀਆ ਵਿਚ ਇਕ ਵੱਡਾ ਨਾਮ ਰੱਖਦੇ ਬਲਜੀਤ ਮੰਡ ਨੂੰ ਡੂੰਘਾ ਸਦਮਾ ਪਹੁੰਚਿਆ ਹੈ। ਪੰਜਾਬੀ ਮੂਲ ਦੇ ਕੈਨੇਡੀਅਨ ਪੱਤਰਕਾਰ ਬਲਜੀਤ ਮੰਡ ਦੇ ਵੱਡੇ ਭਰਾ ਸਤਨਾਮ ਸਿੰਘ ਲਾਡੀ ਮੰਡ ਦੀ ਅਚਾਨਕ ਮੌਤ ਹੋ ਗਈ ਹੈ। ਉਹ 49 ਸਾਲ ਦੇ ਸਨ। ਜਾਣਕਾਰੀ ਮੁਤਾਬਕ ਸਾਰੇ ਭਰਾ ਵੈਨਕੂਵਰ ਗਏ ਹੋਏ ਸਨ। ਜਦੋਂ ਸਵੇਰ ਵੇਲੇ ਉਹ ਕਮਰੇ ਵਿਚੋਂ ਬਾਹਰ ਨਾ ਨਿਕਲੇ ਤਾਂ ਸਭ ਤੋਂ ਵੱਡੇ ਭਰਾ ਓਂਕਾਰ ਸਿੰਘ ਮੰਡ ਨੂੰ ਚਿੰਤਾ ਹੋਈ ਅਤੇ ਉਹ ਉਸ ਨੂੰ ਬੁਲਾਉਣ ਲਈ ਗਏ। ਉਨ੍ਹਾਂ ਸਤਨਾਮ ਸਿੰਘ ਮੰਡ ਨੂੰ ਕਿਚਨ ਵਿਚ ਬੇਹੋਸ਼ ਪਾਇਆ। ਇਸ ਮਗਰੋਂ ਤੁਰੰਤ ਐਂਬੂਲੈਂਸ ਬੁਲਾਈ ਗਈ, ਜਿਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਫਿਲਹਾਲ ਮੌਤ ਦੇ ਕਾਰਨ ਸਪੱਸ਼ਟ ਨਹੀਂ ਹਨ। ਪੋਸਟਮਾਰਟਮ ਰਿਪੋਰਟ ਆਉਣੀ ਬਾਕੀ ਹੈ। ਇੱਥੇ ਦੱਸ ਦਈਏ ਕਿ ਉਨ੍ਹਾਂ ਦਾ ਪਰਿਵਾਰ ਫਗਵਾੜਾ ਵਿਚ ਰਹਿੰਦਾ ਹੈ। ਕੁਝ ਸਾਲ ਪਹਿਲਾਂ ਉਨ੍ਹਾਂ ਦੀ ਪਤਨੀ ਦੀ ਵੀ ਕੈਂਸਰ ਨਾਲ ਮੌਤ ਹੋ ਚੁੱਕੀ ਹੈ। ਉਹ ਆਪਣੇ ਪਿੱਛੇ ਦੋ ਧੀਆਂ ਤੇ ਇਕ ਪੁੱਤ ਛੱਡ ਗਏ ਹਨ।



# ਕੈਨੇਡੀਅਨ ਸਰਕਾਰ ਨਾਗਰਿਕਤਾ ਕਾਨੂੰਨ 'ਚ ਕਰਨ ਜਾ ਰਹੀ ਹੈ ਵੱਡੇ ਬਦਲਾਅ



ਕੈਨੇਡੀਅਨ ਸਰਕਾਰ ਨਾਗਰਿਕਤਾ ਨਾਲ ਸਬੰਧਤ ਕਾਨੂੰਨ ਵਿਚ ਵੱਡੇ ਬਦਲਾਅ ਕਰਨ ਜਾ ਰਹੀ ਹੈ। ਇਸ ਤਹਿਤ ਭਾਵੇਂ ਕੈਨੇਡੀਅਨ ਨਾਗਰਿਕਾਂ ਦੇ ਬੱਚੇ ਕੈਨੇਡਾ ਤੋਂ ਬਾਹਰ ਪੈਦਾ ਹੋਏ ਹੋਣ, ਫਿਰ ਵੀ ਉਹ ਕੈਨੇਡਾ ਦੀ ਨਾਗਰਿਕਤਾ ਦੇ ਹੱਕਦਾਰ ਹੋਣਗੇ। ਸਰਕਾਰ ਦੇ ਪ੍ਰਸਤਾਵਿਤ ਸੋਧ ਮੁਤਾਬਕ 2009 ਤੋਂ ਬਾਅਦ ਵਿਦੇਸ਼ਾਂ ਵਿੱਚ ਆਪਣੇ ਬੱਚਿਆਂ ਨੂੰ ਜਨਮ ਦੇਣ ਵਾਲੇ ਕੈਨੇਡੀਅਨਾਂ ਨੂੰ ਕੈਨੇਡੀਅਨ ਨਾਗਰਿਕਤਾ ਮਿਲੇਗੀ।ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਵੱਲੋਂ ਪੇਸ਼ ਕੀਤੇ ਗਏ ਕਾਨੂੰਨ ਮੁਤਾਬਕ ਇਹ ਕਾਨੂੰਨ ਵੰਸ਼ ਦੇ ਆਧਾਰ 'ਤੇ ਪਹਿਲੀ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਲਾਗੂ ਹੋਵੇਗਾ। ਇਸ ਖ਼ਬਰ ਦਾ ਭਾਰਤੀ ਪ੍ਰਵਾਸੀਆਂ ਸਮੇਤ ਬਹੁਤ ਸਾਰੇ ਪ੍ਰਵਾਸੀਆਂ ਨੇ ਸਵਾਗਤ ਕੀਤਾ ਹੈ।ਨਾਗਰਿਕਤਾ ਕਾਨੂੰਨ ਵਿੱਚ 2009 ਵਿੱਚ ਸੋਧ ਕੀਤੀ ਗਈ ਸੀ ਤਾਂ ਜੋ ਵੰਸ਼ ਦੇ ਅਧਾਰ 'ਤੇ ਨਾਗਰਿਕਤਾ ਵਿੱਚ 'ਪਹਿਲੀ ਪੀੜ੍ਹੀ ਦੀ ਸੀਮਾ' ਸ਼ਾਮਲ ਕੀਤੀ ਜਾ ਸਕੇ। ਇਸਦਾ ਮਤਲਬ ਇਹ ਸੀ ਕਿ ਇੱਕ ਕੈਨੇਡੀਅਨ ਮਾਤਾ-ਪਿਤਾ ਕੈਨੇਡਾ ਤੋਂ ਬਾਹਰ ਪੈਦਾ ਹੋਏ ਬੱਚੇ ਨੂੰ ਤਾਂ ਹੀ ਨਾਗਰਿਕਤਾ ਦੇ ਸਕਦੇ ਹਨ ਜੇਕਰ ਮਾਤਾ ਜਾਂ ਪਿਤਾ ਜਾਂ ਤਾਂ ਕੈਨੇਡਾ ਵਿਚ ਪੈਦਾ ਹੋਇਆ ਹੋਵੇ ਜਾਂ ਬੱਚੇ ਦੇ ਜਨਮ ਤੋਂ ਪਹਿਲਾਂ ਉਨ੍ਹਾਂ ਦਾ ਉਥੇ ਜਨਮ ਹੋਇਆ ਹੋਵੇ।


# ਕੈਨੇਡਾ ਇਮੀਗ੍ਰੇਸ਼ਨ ਨਿਯਮਾਂ 'ਚ ਬਦਲਾਅ ਕਾਰਨ ਵੱਡਾ ਸੰਕਟ, ਵਾਪਸ ਪਰਤਣ ਲਈ ਮਜ਼ਬੂਰ ਹੋਏ ਵਿਦਿਆਰਥੀ

ਕੈਨੇਡਾ ਹਮੇਸ਼ਾ ਹੀ ਪ੍ਰਵਾਸੀਆਂ ਦਾ ਸੁਆਗਤ ਕਰਨ ਵਿੱਚ ਉਦਾਰ ਰਿਹਾ ਹੈ। ਹੁਣ ਇਸ ਦਾ ਸਭ ਤੋਂ ਛੋਟਾ ਸੂਬਾ, ਪ੍ਰਿੰਸ ਐਡਵਰਡ ਆਈਲੈਂਡਜ਼ (PEI) ਆਪਣੇ ਇਮੀਗ੍ਰੇਸ਼ਨ ਪਰਮਿਟਾਂ ਵਿਚ ਕਟੌਤੀ ਕਰ ਰਿਹਾ ਹੈ ਅਤੇ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀ ਇਸ ਦਾ ਵਿਰੋਧ ਕਰ ਰਹੇ ਹਨ। ਪੀਈਆਈ ਵਿੱਚ ਸਥਾਨਕ ਲੋਕਾਂ ਨੇ ਖੁਲਾਸਾ ਕੀਤਾ ਕਿ ਉਹ ਭਾਰਤੀ ਪ੍ਰਵਾਸੀਆਂ ਦੇ ਵਿਰੁੱਧ ਹਨ। ਪ੍ਰਵਾਸੀਆਂ ਦੀ ਵੱਡੀ ਆਮਦ ਦਾ ਸਾਹਮਣਾ ਕਰ ਰਹੇ ਕੈਨੇਡਾ ਦੇ ਸੂਬਾ ਪ੍ਰਿੰਸ ਐਡਵਰਡ ਆਈਲੈਂਡਜ਼ (PEI) ਨੇ ਕੁਝ ਨਿਯਮਾਂ ਵਿੱਚ ਬਦਲਾਅ ਕੀਤਾ ਹੈ। ਨਿਯਮਾਂ ਦੇ ਬਦਲਾਅ ਦਾ ਅਸਰ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਵੀ ਪੈ ਰਿਹਾ ਹੈ। ਸੈਂਕੜੇ ਭਾਰਤੀ ਵਿਦਿਆਰਥੀ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਹਨ ਅਤੇ ਇਮੀਗ੍ਰੇਸ਼ਨ ਨਿਯਮਾਂ ਵਿੱਚ ਬਦਲਾਅ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਹਨ। ਕੈਨੇਡਾ ਦੇ ਸਭ ਤੋਂ ਛੋਟੇ ਸੂਬੇ PEI ਦੇ ਵਸਨੀਕਾਂ ਦਾ ਕਹਿਣਾ ਹੈ ਕਿ ਉਹਨਾਂ ਨੇ ਨਿਯਮਾਂ ਵਿਚ ਬਦਲਾਅ ਕਿਉਂ ਕੀਤਾ? ਇਸ ਬਾਰੇ ਜਾਣਕਾਰੀ ਦੇਣ। ਇਸ ਦੇ ਨਾਲ ਹੀ ਉਹ ਇਸ ਸਮੇਂ ਹੋਰ ਪ੍ਰਵਾਸੀ ਕਿਉਂ ਨਹੀਂ ਚਾਹੁੰਦੇ, ਦੇ ਬਾਰੇ ਵੀ ਜਵਾਬ ਦੇਣ। ਦੱਸ ਦੇਈਏ ਕਿ ਕੈਨੇਡਾ ਵਿੱਚ ਪ੍ਰਿੰਸ ਐਡਵਰਡ ਆਈਲੈਂਡਜ਼ (PEI) ਵਿੱਚ ਇਮੀਗ੍ਰੇਸ਼ਨ ਨੀਤੀ ਵਿੱਚ ਬਦਲਾਅ ਦੇ ਕੇਂਦਰ ਵਿੱਚ ਰਿਹਾਇਸ਼, ਸਿਹਤ ਸੰਭਾਲ ਅਤੇ ਨੌਕਰੀਆਂ ਦੇ ਮੁੱਦੇ ਸਨ। ਇਮੀਗ੍ਰੇਸ਼ਨ ਪਰਮਿਟਾਂ ਵਿੱਚ 25 ਫ਼ੀਸਦੀ ਦੀ ਕਟੌਤੀ ਕੀਤੀ ਗਈ। ਸਥਾਨਕ ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਸੂਬੇ ਵਿੱਚ ਰਹਿਣ ਵਾਲੇ ਪਰਵਾਸੀ ਉਨ੍ਹਾਂ ਦੇ ਮੌਕੇ ਖੋਹ ਰਹੇ ਹਨ। PEI ਪ੍ਰੀਮੀਅਰ ਨੇ ਖੁਲਾਸਾ ਕੀਤਾ ਕਿ ਉਹ ਸੂਬਾਈ ਨਾਮਜ਼ਦ ਪ੍ਰੋਗਰਾਮ ਰਾਹੀਂ ਸਥਾਈ ਨਿਵਾਸ ਦੀ ਮੰਗ ਕਰਨ ਵਾਲੇ ਅੰਤਰਰਾਸ਼ਟਰੀ ਪ੍ਰਵਾਸੀਆਂ ਦੀ ਗਿਣਤੀ ਨੂੰ ਕਿਵੇਂ ਘਟਾਉਣਾ ਚਾਹੁੰਦੇ ਹਨ।




ਨਵੀਂ ਨੀਤੀ ਸੇਵਾ ਖੇਤਰਾਂ, ਭੋਜਨ ਅਤੇ ਪ੍ਰਚੂਨ ਦੀ ਬਜਾਏ ਸਿਹਤ ਸੰਭਾਲ, ਬਾਲ ਦੇਖਭਾਲ ਅਤੇ ਨਿਰਮਾਣ 'ਤੇ ਕੇਂਦਰਿਤ ਹੈ।ਕੈਨੇਡਾ ਹਮੇਸ਼ਾ ਹੀ ਆਪਣੇ ਪ੍ਰਵਾਸੀਆਂ ਦਾ ਸੁਆਗਤ ਕਰਦਾ ਰਿਹਾ ਹੈ ਪਰ ਹੁਣ ਕੈਨੇਡੀਅਨ ਨਾਗਰਿਕਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਇਹ ਗੁੱਸਾ ਵਿਦਿਆਰਥੀ ਵੀਜ਼ੇ 'ਤੇ ਆਏ ਨੌਜਵਾਨਾਂ ਪ੍ਰਤੀ ਜ਼ਿਆਦਾ ਹੈ। ਕੈਨੇਡਾ ਵਿੱਚ ਸਥਾਈ ਨਿਵਾਸ ਅਤੇ ਨਾਗਰਿਕਤਾ ਲਈ ਛੋਟੇ ਰਾਸਤੇ ਦੇ ਰੂਪ ਵਿਚ ਵਿਦਿਆਰਥੀ ਵੀਜ਼ੇ ਦੀ ਦੁਰਵਰਤੋਂ ਕੀਤੀ ਗਈ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਮੌਕੇ ਉਨ੍ਹਾਂ ਤੋਂ ਦੂਰ ਹੁੰਦੇ ਜਾ ਰਹੇ ਹਨ। Ratioed with Harrison Faulkner ਦੇ ਇੱਕ ਤਾਜ਼ਾ ਐਪੀਸੋਡ ਵਿੱਚ, PEI ਦੇ ਕਈ ਸਥਾਨਕ ਲੋਕਾਂ ਨੇ ਫਾਕਨਰ ਨਾਲ ਅਸਲ ਕਾਰਨ ਸਾਂਝਾ ਕੀਤਾ ਕਿ ਉਹ ਉੱਥੇ ਭਾਰਤੀ ਵਿਦਿਆਰਥੀਆਂ ਨੂੰ ਕਿਉਂ ਨਹੀਂ ਚਾਹੁੰਦੇ ਸਨ।

# ਅਮਰੀਕਾ ਦੇ ਕਈ ਸੂਬਿਆਂ 'ਚ ਤੂਫ਼ਾਨ ਨੇ ਮਚਾਈ ਭਾਰੀ ਤਬਾਹੀ, 18 ਲੋਕਾਂ ਦੀ ਮੌਤ



ਮੱਧ ਅਮਰੀਕਾ ਦੇ ਟੈਕਸਾਸ, ਓਕਲਾਹੋਮਾ ਅਤੇ ਅਰਕਨਸਾਸ ਵਿਚ ਸ਼ਕਤੀਸ਼ਾਲੀ ਤੂਫਾਨ ਨੇ ਭਾਰੀ ਤਬਾਹੀ ਮਚਾਈ। ਸ਼ਕਤੀਸ਼ਾਲੀ ਤੂਫਾਨ ਵਿਚ ਦੋ ਬੱਚਿਆਂ ਸਮੇਤ ਘੱਟੋ-ਘੱਟ 18 ਲੋਕਾਂ ਦੀ ਮੌਤ ਹੋ ਗਈ, ਕਈ ਘਰ ਤਬਾਹ ਹੋ ਗਏ ਅਤੇ ਹਜ਼ਾਰਾਂ ਲੋਕ ਬਿਜਲੀ ਤੋਂ ਬਿਨ੍ਹਾਂ ਰਹਿਣ ਲਈ ਮਜਬੂਰ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਓਕਲਾਹੋਮਾ ਸਰਹੱਦ ਨੇੜੇ, ਕੁੱਕ ਕਾਉਂਟੀ, ਟੈਕਸਾਸ ਵਿੱਚ ਕਈ ਮੌਤਾਂ ਹੋਈਆਂ, ਜਿੱਥੇ ਸ਼ਨੀਵਾਰ ਰਾਤ ਇੱਕ ਤੂਫਾਨ ਨੇ ਇੱਕ ਪੇਂਡੂ ਖੇਤਰ ਵਿਚ ਭਾਰੀ ਤਬਾਹੀ ਮਚਾਈ। ਤੂਫ਼ਾਨ ਨੇ ਓਕਲਾਹੋਮਾ ਵਿੱਚ ਕਾਫ਼ੀ ਨੁਕਸਾਨ ਕੀਤਾ ਹੈ। ਇੱਥੇ ਇੱਕ ਵਿਆਹ ਵਿੱਚ ਆਏ ਮਹਿਮਾਨ ਤੂਫ਼ਾਨ ਕਾਰਨ ਜ਼ਖ਼ਮੀ ਹੋ ਗਏ। ਕੁੱਕ ਕਾਉਂਟੀ ਸ਼ੈਰਿਫ ਰੇ ਸੇਪਿੰਗਟਨ ਨੇ ਕਿਹਾ, "ਇੱਥੇ ਸਿਰਫ ਮਲਬੇ ਦਾ ਢੇਰ ਬਚਿਆ ਹੈ।" ਭਾਰੀ ਤਬਾਹੀ ਹੋਈ ਹੈ।'' ਸ਼ੈਰਿਫ ਨੇ ਕਿਹਾ ਕਿ ਮਰਨ ਵਾਲਿਆਂ ਵਿੱਚ ਦੋ ਅਤੇ ਪੰਜ ਸਾਲ ਦੇ ਦੋ ਬੱਚੇ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਤੂਫ਼ਾਨ ਕਾਰਨ ਹੋਈ ਤਬਾਹੀ ਵਿੱਚ ਇੱਕ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਵੀ ਮੌਤ ਹੋ ਗਈ। ਤੂਫਾਨ ਕਾਰਨ ਕਈ ਮਕਾਨ ਅਤੇ ਵਪਾਰਕ ਅਦਾਰੇ ਪੂਰੀ ਤਰ੍ਹਾਂ ਤਬਾਹ ਹੋ ਗਏ ਅਤੇ ਕਈ ਇਲਾਕਿਆਂ ਵਿਚ ਦਰੱਖਤ ਅਤੇ ਬਿਜਲੀ ਦੇ ਖੰਭੇ ਵੀ ਉਖੜ ਗਏ। ਵੈਲੀ ਵਿਊ ਦੇ ਆਲੇ-ਦੁਆਲੇ ਦੇ ਖੇਤਰ ਤੂਫਾਨ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ। ਸੈਪਿੰਗਟਨ ਨੇ ਕਿਹਾ ਕਿ ਇੰਟਰਸਟੇਟ 35 'ਤੇ ਏਪੀ ਟਰੈਵਲ ਸੈਂਟਰ ਨਾਮਕ ਟਰੱਕ ਸਟਾਪ 'ਤੇ 60 ਤੋਂ 80 ਲੋਕ ਜ਼ਖਮੀ ਹੋਏ ਹਨ। ਉਸ ਨੇ ਦੱਸਿਆ ਕਿ ਬਹੁਤ ਸਾਰੇ ਲੋਕ ਸ਼ਰਨ ਲੈਣ ਲਈ ਉੱਥੇ ਪਹੁੰਚ ਗਏ ਸਨ। ਬਿਜਲੀ ਦੀ ਸਮੱਸਿਆ ਨਾਲ ਜੁੜੀ ਇਕ ਵੈੱਬਸਾਈਟ ਮੁਤਾਬਕ ਟੈਕਸਾਸ ਤੋਂ ਲੈ ਕੇ ਕੰਸਾਸ, ਮਿਸੌਰੀ, ਅਰਕਨਸਾਸ, ਟੈਨੇਸੀ ਅਤੇ ਕੈਂਟਕੀ ਤੱਕ 4,70,000 ਤੋਂ ਜ਼ਿਆਦਾ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜਬੂਰ ਹਨ।

# ਅਮਰੀਕਾ 'ਚ ਗੁਜਰਾਤੀ ਭਾਰਤੀ ਜੈਨਵ ਪਟੇਲ ਤਕਨੀਕੀ ਸਹਾਇਤਾ ਘੁਟਾਲੇ ਦੇ ਦੋਸ਼ 'ਚ ਗ੍ਰਿਫ਼ਤਾਰ



ਬੀਤੇ ਦਿਨ ਅਮਰੀਕਾ ਦੇ ਇਲੀਨੋਇਸ ਸੂਬੇ ਵਿਚ ਰਹਿਣ ਵਾਲੇ ਭਾਰਤੀ ਜੈਨਵ ਪਟੇਲ ਨਾਂ ਦੇ 25 ਸਾਲਾ ਗੁਜਰਾਤੀ ਨੂੰ ਮਿਸ਼ੀਗਨ ਸੂਬੇ ਦੇ ਆਇਓਨੀਆ ਕਾਊਂਟੀ ਸ਼ੈਰਿਫ਼ ਦਫ਼ਤਰ ਨੇ ਗ੍ਰਿਫ਼ਤਾਰ ਕਰ ਲਿਆ। ਜੈਨਵ ਪਟੇਲ 'ਤੇ ਤਕਨੀਕੀ ਸਹਾਇਤਾ ਦੇ ਨਾਂ 'ਤੇ 72 ਸਾਲਾ ਦੀ ਇਕ ਔਰਤ ਤੋਂ 40 ਹਜ਼ਾਰ ਡਾਲਰ ਦੀ ਫਿਰੌਤੀ ਲੈਣ ਦਾ ਦੋਸ਼ ਹੈ, ਇਸ ਮਾਮਲੇ 'ਚ ਉਸ ਦੇ ਨਾਲ ਅਲੌਜੋ ਵਹੀਦ ਨਾਂ ਦੇ ਇਕ ਹੋਰ ਵਿਅਕਤੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਧੋਖਾਧੜੀ ਕਰਨ ਵਾਲੇ ਗਿਰੋਹ ਨੇ ਸਭ ਤੋਂ ਪਹਿਲਾਂ 8 ਮਈ ਨੂੰ ਜੈਨਵ ਪਟੇਲ ਦੇ ਨਾਲ ਗੱਲ ਕੀਤੀ, ਜਿਸ 'ਤੇ ਧੋਖਾਧੜੀ ਦਾ ਦੋਸ਼ ਹੈ।

ਆਇਓਨੀਆ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਜਦੋਂ ਪੀੜਤਾ ਨੇ ਆਪਣੀ ਟੈਬਲੇਟ ਨੂੰ ਲਾਕ ਕੀਤਾ ਤਾਂ ਉਸਦੀ ਸਕ੍ਰੀਨ 'ਤੇ ਤਕਨੀਕੀ ਸਹਾਇਤਾ ਲਈ ਇੱਕ ਨੋਟੀਫਿਕੇਸ਼ਨ ਦਿਖਾਈ ਦਿੱਤਾ, ਜਿਸ ਵਿੱਚ ਇੱਕ ਫੋਨ ਨੰਬਰ ਵੀ ਸ਼ਾਮਲ ਸੀ। ਜਦੋਂ ਪੀੜਤਾ ਨੇ ਨੰਬਰ 'ਤੇ ਕਾਲ ਕੀਤੀ ਤਾਂ ਇੱਕ ਵਿਅਕਤੀ ਨੇ ਆਪਣੀ ਪਛਾਣ ਫੈਡਰਲ ਟਰੇਡ ਕਮਿਸ਼ਨ ਦੇ ਏਜੰਟ ਵਜੋਂ ਉਸ ਨੂੰ ਦਿੱਤੀ ਅਤੇ ਔਰਤ ਨੂੰ ਦੱਸਿਆ ਕਿ ਪਛਾਣ ਚੋਰੀ ਹੋਣ ਕਾਰਨ ਉਸ ਦੇ ਬੈਂਕ ਦੇ ਖਾਤੇ ਸਮੇਤ ਉਸ ਦੇ ਬੈਂਕ ਖਾਤੇ ਦੀ ਜਾਣਕਾਰੀ ਨਾਲ ਸਮਝੌਤਾ ਹੋ ਗਿਆ ਹੈ। ਪੀੜਤਾ ਨੂੰ ਇਹ ਦੱਸਣ ਤੋਂ ਬਾਅਦ ਕਿ ਬੈਂਕ ਖਾਤੇ ਵਿੱਚ ਪੈਸੇ ਸੁਰੱਖਿਅਤ ਨਹੀਂ ਹਨ, ਫੋਨ ਕਰਨ ਵਾਲੇ ਨੇ ਉਸ ਨੂੰ ਬੈਂਕ ਖਾਤੇ ਵਿੱਚ ਸਾਰੇ ਪੈਸੇ ਕਢਵਾਉਣ ਦੀ ਸਲਾਹ ਦਿੱਤੀ ਅਤੇ ਇਹ ਵੀ ਕਿਹਾ ਕਿ ਇੱਕ ਸੰਘੀ ਏਜੰਟ ਉਸ ਦੇ ਘਰੋਂ ਪੈਸੇ ਇਕੱਠੇ ਕਰੇਗਾ।


ਫੋਨ 'ਤੇ ਦਿੱਤੀਆਂ ਹਦਾਇਤਾਂ ਅਨੁਸਾਰ 72 ਸਾਲਾ ਔਰਤ ਨੇ 40 ਹਜ਼ਾਰ ਡਾਲਰ ਤੋਂ ਵੱਧ ਦੀ ਨਕਦੀ ਕਢਵਾ ਕੇ ਇਕ ਬਕਸੇ 'ਚ ਪਾ ਦਿੱਤੀ ਸੀ। ਇਹ ਬਕਸਾ ਉਸ ਕੋਲੋਂ 09 ਮਈ ਨੂੰ ਲਿਆ ਗਿਆ ਸੀ। ਹਾਲਾਂਕਿ 40 ਹਜ਼ਾਰ ਡਾਲਰ ਲੈਣ ਤੋਂ ਬਾਅਦ ਪੀੜਤਾ ਨੂੰ ਦੁਬਾਰਾ ਬੁਲਾਇਆ ਗਿਆ ਅਤੇ ਕਿਹਾ ਗਿਆ ਕਿ ਉਸ ਨੂੰ ਉਸ ਦੇ ਪੈਸੇ ਸੁਰੱਖਿਅਤ ਰੱਖਣ ਲਈ ਹੋਰ ਡਾਲਰ ਦੇਣੇ ਪੈਣਗੇ। ਇਸ ਦੌਰਾਨ ਜਦੋਂ ਬਜ਼ੁਰਗ ਦੇ ਰਿਸ਼ਤੇਦਾਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਫਿਰ ਪੁਲਸ ਨੇ ਪੀੜਤਾ ਤੋਂ ਪੈਸੇ ਦੀ ਜਬਰੀ ਵਸੂਲੀ ਕਰਨ ਵਾਲੇ ਨੂੰ ਫੜਨ ਲਈ ਜਾਲ ਵਿਛਾਇਆ ਅਤੇ ਧੋਖੇਬਾਜ਼ ਗਿਰੋਹ ਨੂੰ ਹੋਰ ਡਾਲਰ ਇਕੱਠੇ ਕਰਨ ਲਈ ਉਸਦੇ ਘਰ ਬੁਲਾਇਆ ਗਿਆ। ਘੁਟਾਲੇਬਾਜ਼ਾਂ ਨੇ ਬਜ਼ੁਰਗ ਔਰਤ ਦੇ ਵੇਰਵੇ ਸਾਂਝੇ ਕੀਤੇ ਕਿ ਕਿਸ ਰੰਗ ਦੀ ਕਾਰ ਵਿੱਚ ਅਤੇ ਕਿਸ ਸਮੇਂ ਇਕ ਸੰਘੀ ਏਜੰਟ ਨਕਦੀ ਲੈਣ ਲਈ ਉਸ ਦੇ ਘਰ ਆਵੇਗਾ, ਜਿਸ ਦੇ ਆਧਾਰ 'ਤੇ ਉਸ ਦੇ ਘਰ ਦੇ ਆਲੇ-ਦੁਆਲੇ ਪੁਲਸ ਕਰਮਚਾਰੀ ਸਿਵਲ ਵਿੱਚ ਤਾਇਨਾਤ ਕੀਤੇ ਗਏ ਸਨ ਅਤੇ ਨਕਦੀ ਲੈਣ ਆਏ ਵਿਅਕਤੀ ਨੂੰ ਫਿਰ ਗ੍ਰਿਫ਼ਤਾਰ ਕੀਤਾ ਗਿਆ।

# ਅਮਰੀਕਾ 'ਚ ਭਾਰਤੀ ਮੂਲ ਦੇ ਤੇਲਗੂ ਵਿਗਿਆਨੀ ਡਾ. ਕ੍ਰਿਸ਼ਨਾ ਐਲਾ ਦਾ ਵੱਕਾਰੀ ਪੁਰਸਕਾਰ ਨਾਲ ਸਨਮਾਨ



ਅਮਰੀਕਾ ਵਿਚ ਭਾਰਤੀ ਮੂਲ ਦੇ ਤੇਲਗੂ ਡਾਕਟਰ ਕ੍ਰਿਸ਼ਨਾ ਐਲਾ ਨੂੰ ਸਿਹਤ ਦੇ ਖੇਤਰ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੇ ਬਦਲੇ ਸਨਮਾਨਿਤ ਕੀਤਾ ਗਿਆ। ਅਮਰੀਕਾ ਦੇ ਜੌਨਸ ਹੌਪਕਿੰਸ ਬਲੂਮਬਰਗ ਸਕੂਲ ਆਫ਼ ਪਬਲਿਕ ਹੈਲਥ ਵੱਲੋਂ ਉਨ੍ਹਾਂ ਨੂੰ ਡੀਨ ਦਾ ਪੁਰਸ਼ਕਾਰ ਡੀਨ ਐਲਨ.ਜੇ. ਮੈਕੇਂਜੀ ਨੇ ਬਾਲਟੀਮੋਰ, ਮੈਰੀਲੈਂਡ, ਅਮਰੀਕਾ ਵਿੱਚ ਬਲੂਮਬਰਗ ਸਕੂਲ ਕਨਵੋਕੇਸ਼ਨ ਵਿੱਚ ਹੋਏ ਇਕ ਸਮਾਰੋਹ ਵਿੱਚ ਦਿੱਤਾ। ਡਾ: ਕ੍ਰਿਸ਼ਨਾ ਐਲਾ ਭਾਰਤ ਦੇ ਬਾਇਓਟੈਕ ਦੇ ਕਾਰਜਕਾਰੀ ਦੇ ਚੇਅਰਮੈਨ ਵੀ ਹਨ।ਇਹ ਪੁਰਸਕਾਰ ਭਾਰਤ ਦੇ ਬਾਇਓਟੈਕ ਦੇ ਕਾਰਜਕਾਰੀ ਚੇਅਰਮੈਨ ਕ੍ਰਿਸ਼ਨਾ ਐਲਾ ਦੇ ਜਨਤਕ ਸਿਹਤ ਵਿੱਚ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਦਿੱਤਾ ਗਿਆ। ਕੋਰੋਨਾ ਦੌਰਾਨ ਉਨ੍ਹਾਂ ਵੱਲੋਂ ਇਕ ਟੀਕਾ ਵਿਕਸਤ ਕੀਤਾ ਗਿਆ ਸੀ ਜਿਸ ਨੇ ਕੋਵਿਡ ਦੀ ਗੰਭੀਰਤਾ ਨੂੰ ਘੱਟ ਕੀਤਾ ਸੀ। ਪੁਰਸਕਾਰ ਪ੍ਰਾਪਤ ਕਰਨ ਵਾਲੇ ਕ੍ਰਿਸ਼ਨਾ ਐਲਾ ਨੇ ਕਿਹਾ ਕਿ ਇਹ ਵੱਕਾਰੀ ਪੁਰਸਕਾਰ ਭਾਰਤ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਜਿਸ ਨੇ ਵਿਸ਼ਵ ਵਿੱਚ ਵਿਗਿਆਨ ਅਤੇ ਖੋਜ ਵਿੱਚ ਬਹੁਤ ਸਾਰੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪੁਰਸਕਾਰ ਭਾਰਤੀ ਵਿਗਿਆਨੀਆਂ ਦੀ ਟੀਮ ਲਈ ਇੱਕ ਦੁਰਲੱਭ ਸਨਮਾਨ ਹੈ।

# ਕਿਸ ਦੀ ਪੇਸ਼ਕਸ਼ ਸਵੀਕਾਰ ਕਰਨਗੇ ਗੌਤਮ ਗੰਭੀਰ, ਭਾਰਤ ਜਾਂ KKR, ਸ਼ਾਹਰੁਖ ਨੇ ਆਫਰ ਕੀਤਾ 'ਬਲੈਂਕ ਚੈੱਕ'



ਟੀ-20 ਵਿਸ਼ਵ ਕੱਪ 2024 ਤੋਂ ਬਾਅਦ, ਰਾਹੁਲ ਦ੍ਰਾਵਿੜ ਦਾ ਭਾਰਤੀ ਟੀਮ ਨਾਲ ਕਾਰਜਕਾਲ ਖਤਮ ਹੋ ਰਿਹਾ ਹੈ। ਰਿਪੋਰਟ ਮੁਤਾਬਕ ਬੀਸੀਸੀਆਈ ਨੇ ਕੋਚ ਦੇ ਅਹੁਦੇ 'ਤੇ ਬਣੇ ਰਹਿਣ ਲਈ ਦ੍ਰਾਵਿੜ ਨਾਲ ਸੰਪਰਕ ਕੀਤਾ ਸੀ ਪਰ ਉਹ ਇਸ 'ਚ ਦਿਲਚਸਪੀ ਨਹੀਂ ਲੈ ਰਹੇ ਸਨ। ਇਸ ਦੌਰਾਨ ਕਈ ਵੱਡੇ ਵਿਦੇਸ਼ੀ ਕੋਚਾਂ ਦੇ ਨਾਂ ਵੀ ਸਾਹਮਣੇ ਆਏ ਪਰ ਉਨ੍ਹਾਂ ਨੇ ਵੀ ਇਹ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਜੈ ਸ਼ਾਹ ਦਾ ਇੱਕ ਬਿਆਨ ਸੁਰਖੀਆਂ ਵਿੱਚ ਰਿਹਾ। ਉਨ੍ਹਾਂ ਕਿਹਾ ਕਿ ਅਸੀਂ ਕਦੇ ਵੀ ਕਿਸੇ ਅਹਿਮ ਅਹੁਦੇ ਲਈ ਆਸਟ੍ਰੇਲੀਆਈ ਖਿਡਾਰੀ ਨਾਲ ਸੰਪਰਕ ਨਹੀਂ ਕੀਤਾ। ਉਨ੍ਹਾਂ ਦੇ ਬਿਆਨ ਤੋਂ ਇਹ ਲਗਭਗ ਸਪੱਸ਼ਟ ਹੋ ਜਾਂਦਾ ਹੈ ਕਿ ਟੀਮ ਪ੍ਰਬੰਧਨ ਕਿਤੇ ਨਾ ਕਿਤੇ ਭਾਰਤੀ ਕੋਚ ਵੱਲ ਦੇਖ ਰਿਹਾ ਹੈ। ਭਾਰਤੀ ਟੀਮ ਦੇ ਸਾਬਕਾ ਸਟਾਰ ਖਿਡਾਰੀ ਗੌਤਮ ਗੰਭੀਰ ਦਾ ਨਾਂ ਮੁੱਖ ਕੋਚ ਦੀ ਦੌੜ ਵਿੱਚ ਸਭ ਤੋਂ ਅੱਗੇ ਹੈ। ਉਹ ਇਸ ਅਹੁਦੇ 'ਤੇ ਕੰਮ ਕਰਨ ਦਾ ਵੀ ਇੱਛੁਕ ਹੈ ਪਰ ਇੱਥੇ ਇਕ ਰੋੜਾ ਸਾਹਮਣੇ ਆ ਰਿਹਾ ਹੈ।

# KKR ਬਣੀ ਚੈਂਪੀਅਨ, ਇਕਤਰਫ਼ਾ ਅੰਦਾਜ਼ 'ਚ SRH ਨੂੰ ਹਰਾ ਕੇ ਤੀਜੀ ਵਾਰ ਕੀਤਾ ਟ੍ਰਾਫ਼ੀ 'ਤੇ ਕਬਜ਼ਾ



ਚੇਨਈ ਦੇ ਚੇਪਾਕ ਸਟੇਡੀਅਮ 'ਚ ਖੇਡੇ ਗਏ ਆਈ.ਪੀ.ਐੱਲ. ਦੇ ਫਾਈਨਲ ਮੁਕਾਬਲੇ 'ਚ ਕੋਲਕਾਤਾ ਨਾਈਟ ਰਾਈਡਰਜ਼ ਨੇ ਸਨਰਾਈਜ਼ਰਜ਼ ਹੈਦਰਾਬਾਦ ਨੂੰ 8 ਵਿਕਟਾਂ ਨਾਲ ਹਰਾ ਕੇ ਟਰਾਫ਼ੀ 'ਤੇ ਕਬਜ਼ਾ ਕਰ ਲਿਆ ਹੈ। ਇਹ ਕੋਲਕਾਤਾ ਦੀ ਤੀਜੀ ਟਰਾਫ਼ੀ ਹੈ। ਇਸ ਤੋਂ ਪਹਿਲਾਂ ਟੀਮ ਨੇ ਸਾਲ 2012 ਤੇ 2014 'ਚ ਗੌਤਮ ਗੰਭੀਰ ਦੀ ਕਪਤਾਨੀ 'ਚ ਟਰਾਫ਼ੀ 'ਤੇ ਕਬਜ਼ਾ ਕੀਤਾ ਸੀ, ਜਦਕਿ ਇਸ ਵਾਰ 10 ਸਾਲ ਬਾਅਦ ਸ਼੍ਰੇਅਸ ਅਈਅਰ ਦੀ ਕਪਤਾਨੀ 'ਚ ਟੀਮ ਨੇ ਖ਼ਿਤਾਬ ਹਾਸਲ ਕੀਤਾ ਹੈ। ਇਸ ਮੁਕਾਬਲੇ 'ਚ ਹੈਦਰਾਬਾਦ ਦੇ ਕਪਤਾਨ ਪੈਟ ਕਮਿੰਸ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਦਾ ਫ਼ੈਸਲਾ ਕੀਤਾ ਸੀ। ਹਾਲਾਂਕਿ ਇਹ ਫ਼ੈਸਲਾ ਹੈਦਰਾਬਾਦ ਲਈ ਸਹੀ ਸਾਬਿਤ ਨਹੀਂ ਹੋਇਆ ਤੇ ਟੀਮ ਲਗਾਤਾਰ ਲੱਗ ਰਹੇ ਝਟਕਿਆਂ ਤੋਂ ਉੱਭਰ ਨਾ ਸਕੀ ਤੇ ਅੰਤ ਪੂਰੀ ਟੀਮ 18.3 ਓਵਰਾਂ 'ਚ ਹੀ 113 ਦੌੜਾਂ ਬਣਾ ਕੇ ਪੈਵੇਲੀਅਨ ਪਰਤ ਗਈ।ਹੈਦਰਾਬਾਦ ਦੀ ਬੱਲੇਬਾਜ਼ੀ ਦਾ ਆਲਮ ਇਹ ਰਿਹਾ ਕਿ ਟੀਮ ਵੱਲੋਂ ਸਭ ਤੋਂ ਵੱਧ ਦੌੜਾਂ 8ਵੇਂ ਨੰਬਰ 'ਤੇ ਬੱਲੇਬਾਜ਼ੀ ਕਰਨ ਆਏ ਕਪਤਾਨ ਪੈਟ ਕਮਿੰਸ (24) ਨੇ ਬਣਾਈਆਂ।

ਇਹ ਆਈ.ਪੀ.ਐੱਲ. ਇਤਿਹਾਸ ਦੇ ਫਾਈਨਲ ਮੁਕਾਬਲੇ 'ਚ ਹੁਣ ਤੱਕ ਦਾ ਸਭ ਤੋਂ ਛੋਟਾ ਸਕੋਰ ਹੈ।ਇਸ ਟੀਚੇ ਦਾ ਪਿੱਛਾ ਕਰਨ ਉੱਤਰੀ ਕੋਲਕਾਤਾ ਦੀ ਟੀਮ ਨੇ ਪਹਿਲੇ ਹੀ ਓਵਰ ਤੋਂ ਤੇਜ਼ੀ ਨਾਲ ਖੇਡਣਾ ਸ਼ੁਰੂ ਕੀਤਾ। ਸੁਨੀਲ ਨਾਰਾਇਣ ਨੇ ਆਪਣੀ ਪਹਿਲੀ ਹੀ ਗੇਂਦ 'ਤੇ ਪੈਟ ਕਮਿੰਸ ਨੂੰ ਛੱਕਾ ਲਗਾ ਕੇ ਆਪਣੀ ਪਾਰੀ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਵੈਂਕਟੇਸ਼ ਅਈਅਰ ਤੇ ਰਹਿਮਾਨੁੱਲਾ ਗੁਰਬਾਜ਼ ਨੇ ਤਾਬੜਤੋੜ ਬੱਲੇਬਾਜ਼ੀ ਕੀਤੀ ਤੇ ਟੀਮ ਨੂੰ 11 ਓਵਰਾਂ ਦੇ ਅੰਦਰ ਹੀ ਚੈਂਪੀਅਨ ਬਣਾ ਦਿੱਤਾ।ਵੈਂਕਟੇਸ਼ ਅਈਅਰ ਨੇ ਸ਼ਾਨਦਾਰ ਅਰਧ ਸੈਂਕੜੇ ਵਾਲੀ ਪਾਰੀ ਖੇਡ ਕੇ ਟੀਮ ਨੂੰ ਜਿਤਾਉਣ 'ਚ ਸਭ ਤੋਂ ਵੱਡੀ ਭੂਮਿਕਾ ਨਿਭਾਈ। ਉਸ ਨੇ 26 ਗੇਂਦਾਂ 'ਚ 4 ਚੌਕਿਆਂ ਤੇ 1 ਛੱਕੇ ਦੀ ਮਦਦ ਨਾਲ 52 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ। ਰਹਿਮਾਨੁੱਲਾ ਗੁਰਬਾਜ਼ ਨੇ ਵੀ 32 ਗੇਂਦਾਂ 'ਚ 39 ਦੌੜਾਂ ਦੀ ਪਾਰੀ ਖੇਡ ਕੇ ਟੀਮ ਨੂੰ ਜਿਤਾਉਣ 'ਚ ਚੰਗਾ ਯੋਗਦਾਨ ਦਿੱਤਾ।

# IPL 2024 ਚੈਂਪੀਅਨ KKR 'ਤੇ ਹੋਈ ਪੈਸਿਆਂ ਦੀ ਬਰਸਾਤ, SRH ਸਣੇ ਇਹ ਟੀਮਾਂ ਵੀ ਹੋਈਆਂ ਮਾਲਾਮਾਲ



ਜਵਾਬ 'ਚ ਕੋਲਕਾਤਾ ਨੇ 11ਵੇਂ ਓਵਰ 'ਚ ਹੀ ਜਿੱਤ ਹਾਸਲ ਕਰ ਲਈ। ਬੱਲੇਬਾਜ਼ੀ ਕਰਦੇ ਹੋਏ ਗੁਰਬਾਜ਼ ਨੇ 43 ਦੌੜਾਂ ਦਾ ਯੋਗਦਾਨ ਦਿੱਤਾ ਜਦਕਿ ਵੈਂਕਟੇਸ਼ ਅਈਅਰ ਨੇ 51 ਦੌੜਾਂ ਦਾ ਯੋਗਦਾਨ ਪਾਇਆ। ਕੋਲਕਾਤਾ ਨਾਈਟ ਰਾਈਡਰਜ਼ ਦੀ ਇਹ ਤੀਜੀ ਖਿਤਾਬੀ ਜਿੱਤ ਹੈ। 2012 ਵਿੱਚ ਕੋਲਕਾਤਾ ਨੇ ਚੇਨਈ ਸੁਪਰ ਕਿੰਗਜ਼ ਨੂੰ 5 ਵਿਕਟਾਂ ਨਾਲ ਹਰਾ ਕੇ ਖ਼ਿਤਾਬ ਜਿੱਤਿਆ ਸੀ ਅਤੇ 2014 ਵਿੱਚ ਕੋਲਕਾਤਾ ਨੇ ਪੰਜਾਬ ਨੂੰ 3 ਵਿਕਟਾਂ ਨਾਲ ਹਰਾ ਕੇ ਖ਼ਿਤਾਬ ਜਿੱਤਿਆ ਸੀ। ਹੁਣ 10 ਸਾਲ ਬਾਅਦ ਕੋਲਕਾਤਾ ਇਤਿਹਾਸ ਨੂੰ ਦੁਹਰਾਉਣ 'ਚ ਸਫਲ ਰਿਹਾ।

ਕੋਲਕਾਤਾ ਨਾਈਟ ਰਾਈਡਰਜ਼ ਨੇ ਸਨਰਾਈਜ਼ਰਸ ਹੈਦਰਾਬਾਦ ਨੂੰ ਇਕਤਰਫਾ ਮੈਚ 'ਚ ਹਰਾ ਕੇ ਆਈਪੀਐੱਲ 2024 ਦਾ ਖਿਤਾਬ ਜਿੱਤ ਲਿਆ ਹੈ। ਇਸ ਦੇ ਨਾਲ ਹੀ IPL ਦਾ 17ਵਾਂ ਸੀਜ਼ਨ ਵੀ ਖਤਮ ਹੋ ਗਿਆ ਹੈ। ਖਿਤਾਬ ਜਿੱਤਣ 'ਤੇ ਕੇਕੇਆਰ ਨੂੰ 20 ਕਰੋੜ ਰੁਪਏ ਇਨਾਮ ਵਜੋਂ ਮਿਲਣਗੇ। ਜਦਕਿ ਫਾਈਨਲ 'ਚ ਹਾਰਨ ਵਾਲੀ ਹੈਦਰਾਬਾਦ ਨੂੰ 12.5 ਕਰੋੜ ਰੁਪਏ ਦੀ ਰਾਸ਼ੀ ਮਿਲੇਗੀ।

ਟਾਪ-4 ਟੀਮਾਂ ਨੂੰ ਮਿਲਣ ਵਾਲੀ ਇਨਾਮੀ ਰਾਸ਼ੀ ਹੇਠਾਂ ਅਨੁਸਾਰ ਹੈ

- ਜੇਤੂ (ਕੋਲਕਾਤਾ ਨਾਈਟ ਰਾਈਡਰਜ਼) - 20 ਕਰੋੜ ਰੁਪਏ
- ਉਪ ਜੇਤੂ (ਸਨਰਾਈਜ਼ਰਸ ਹੈਦਰਾਬਾਦ) - 12.5 ਕਰੋੜ ਰੁਪਏ
- ਤੀਜੇ ਨੰਬਰ ਦੀ ਟੀਮ (ਰਾਜਸਥਾਨ ਰਾਇਲਜ਼)- 7 ਕਰੋੜ ਰੁਪਏ
- ਚੌਥੀ ਟੀਮ (ਰਾਇਲ ਚੈਲੰਜਰਜ਼ ਬੰਗਲੌਰ) - 6.5 ਕਰੋੜ ਰੁਪਏ

ਧਿਆਨ ਯੋਗ ਹੈ ਕਿ ਗੌਤਮ ਗੰਭੀਰ ਦੇ ਮੈਂਟਰ ਬਣਦੇ ਹੀ ਕੇਕੇਆਰ ਦੇ ਪੁਰਾਣੇ ਦਿਨ ਵਾਪਿਸ ਆ ਗਏ ਅਤੇ ਉਨ੍ਹਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਆਈਪੀਐਲ ਇਤਿਹਾਸ ਵਿੱਚ ਆਪਣਾ ਤੀਜਾ ਖਿਤਾਬ ਜਿੱਤ ਲਿਆ। ਚੇਪੌਕ ਮੈਦਾਨ 'ਤੇ ਪਹਿਲਾਂ ਖੇਡਣ ਆਈ ਸਨਰਾਈਜ਼ਰਜ਼ ਹੈਦਰਾਬਾਦ ਨੂੰ ਕੋਲਕਾਤਾ ਦੇ ਗੇਂਦਬਾਜ਼ਾਂ ਨੇ 113 ਦੌੜਾਂ 'ਤੇ ਹੀ ਰੋਕ ਦਿੱਤਾ। ਇਹ ਆਈਪੀਐਲ ਫਾਈਨਲ ਦੇ ਇਤਿਹਾਸ ਦਾ ਸਭ ਤੋਂ ਘੱਟ ਸਕੋਰ ਵੀ ਸੀ।



# ਬੈੱਡਰੂਮ 'ਚ ਲੜਕੇ ਨਾਲ ਫੜੀ ਗਈ ਕਪੂਰ ਖਾਨਦਾਨ ਦੀ ਲਾਡਲੀ ਧੀ, ਫਿਰ ਘਰਦਿਆਂ ਨੇ ਦਿੱਤੀ ਅਜਿਹੀ ਸਜ਼ਾ

ਬਾਲੀਵੁੱਡ ਅਦਾਕਾਰਾ ਜਾਨ੍ਹਵੀ ਕਪੂਰ ਦੀ ਫ਼ਿਲਮ 'ਮਿਸਟਰ ਐਂਡ ਮਿਸੇਜ਼ ਮਾਹੀ' 31 ਮਈ 2024 ਨੂੰ ਰਿਲੀਜ਼ ਹੋਣ ਜਾ ਰਹੀ ਹੈ। ਜਾਨ੍ਹਵੀ ਕਪੂਰ ਮਰਹੂਮ ਅਦਾਕਾਰਾ ਸ਼੍ਰੀਦੇਵੀ ਅਤੇ ਫ਼ਿਲਮ ਨਿਰਮਾਤਾ ਬੋਨੀ ਕਪੂਰ ਦੀ ਬੇਟੀ ਹੈ, ਜਿਸ ਨੇ ਹੁਣ ਖੁਦ ਨੂੰ ਇੱਕ ਸਫਲ ਅਭਿਨੇਤਰੀ ਬਣਾ ਲਿਆ ਹੈ। ਬਹੁਤ ਜਲਦ ਐਕਟਰ ਰਾਜਕੁਮਾਰ ਰਾਓ ਫ਼ਿਲਮ 'ਮਿਸਟਰ ਐਂਡ ਮਿਸੇਜ਼ ਮਾਹੀ' 'ਚ ਨਜ਼ਰ ਆਉਣ ਵਾਲੇ ਹਨ, ਜਿਸ ਨੂੰ ਦੋਵੇਂ ਇਨ੍ਹੀਂ ਦਿਨੀਂ ਜ਼ੋਰ-ਸ਼ੋਰ ਨਾਲ ਪ੍ਰਮੋਟ ਕਰ ਰਹੇ ਹਨ। ਇਸ ਦੌਰਾਨ ਜਾਨ੍ਹਵੀ ਨੇ ਆਪਣੀ ਨਿੱਜੀ ਜ਼ਿੰਦਗੀ ਦਾ ਇੱਕ ਵੱਡਾ ਰਾਜ਼ ਸਾਰਿਆਂ ਨਾਲ ਸਾਂਝਾ ਕੀਤਾ ਹੈ। ਇਹ ਸੁਣ ਕੇ ਹਰ ਕੋਈ ਹੈਰਾਨ ਰਹਿ ਗਿਆ। ਦਰਅਸਲ, ਜਾਹਨਵੀ ਕਪੂਰ ਨੇ ਫਿਲਮ ਦੇ ਪ੍ਰਮੋਸ਼ਨ ਈਵੈਂਟ ਵਿੱਚ ਆਪਣੀ ਜ਼ਿੰਦਗੀ ਦੀ ਇੱਕ ਮਜ਼ੇਦਾਰ ਘਟਨਾ ਦਾ ਜ਼ਿਕਰ ਕੀਤਾ ਹੈ। ਅਦਾਕਾਰਾ ਨੇ ਦੱਸਿਆ ਕਿ ਕਿਵੇਂ ਇੱਕ ਵਾਰ ਉਸ ਦੇ ਪਿਤਾ ਬੋਨੀ ਕਪੂਰ ਨੇ ਉਸ ਨੂੰ ਇੱਕ ਲੜਕੇ ਨਾਲ ਬੈੱਡਰੂਮ ਵਿੱਚ ਫੜ ਲਿਆ ਸੀ। ਜਿਸ ਤੋਂ ਬਾਅਦ ਉਸ ਨੇ ਗੁੱਸੇ 'ਚ ਆ ਕੇ ਅਦਾਕਾਰਾ ਨੂੰ ਸਜ਼ਾ ਵੀ ਦਿੱਤੀ ਸੀ।

ਇਕ ਨਿੱਜੀ ਚੈਨਲ ਨਾਲ ਗੱਲਬਾਤ ਕਰਦਿਆਂ ਜਾਨ੍ਹਵੀ ਕਪੂਰ ਨੇ ਇਸ ਘਟਨਾ ਨੂੰ ਯਾਦ ਕਰਦਿਆਂ ਕਿਹਾ ਕਿ ਇਹ ਉਦੋਂ ਦੀ ਗੱਲ ਹੈ ਜਦੋਂ ਅਸੀਂ ਆਪਣੇ ਪੁਰਾਣੇ ਘਰ 'ਚ ਰਹਿੰਦੇ ਸੀ। ਫਿਰ ਇੱਕ ਵਾਰ ਮੈਂ ਆਪਣੇ ਇੱਕ ਮੇਲ ਮਿੱਤਰ ਨੂੰ ਆਪਣੇ ਘਰ ਬੁਲਾਇਆ ਸੀ। ਉਸ ਸਮੇਂ ਘਰ 'ਚ ਕੋਈ ਨਹੀਂ ਸੀ ਅਤੇ ਅਸੀਂ ਦੋਵੇਂ ਬੈੱਡਰੂਮ 'ਚ ਗੱਲਾਂ ਕਰ ਰਹੇ ਸੀ ਪਰ ਅਚਾਨਕ ਪਿਤਾ ਜੀ ਘਰ 'ਚ ਆਏ ਅਤੇ ਮੈਂ ਘਬਰਾ ਕੇ ਲੜਕੇ ਨੂੰ ਦਰਵਾਜ਼ੇ ਦੀ ਬਜਾਏ ਖਿੜਕੀ ਤੋਂ ਹੇਠਾਂ ਛਾਲ ਮਾਰਨ ਲਈ ਕਿਹਾ। ਮੈਂ ਸੋਚਿਆ ਸੀ ਕਿ ਜੇਕਰ ਉਹ ਖਿੜਕੀ ਰਾਹੀਂ ਭੱਜ ਜਾਵੇਗਾ ਤਾਂ ਪਿਤਾ ਨੂੰ ਇਸ ਬਾਰੇ ਕੋਈ ਸੁਰਾਗ ਵੀ ਨਹੀਂ ਮਿਲੇਗਾ ਪਰ ਪਿਤਾ ਜੀ ਨੇ CCTV ਕੈਮਰੇ 'ਚ ਸਭ ਕੁਝ ਦੇਖਿਆ ਸੀ ਅਤੇ ਮੇਰੀ ਯੋਜਨਾ ਉਲਟੀ ਪੈ ਗਈ। ਇਸ ਘਟਨਾ ਲਈ ਪਿਤਾ ਨੇ ਮੈਨੂੰ ਸਜ਼ਾ ਵੀ ਦਿੱਤੀ ਸੀ। ਉਨ੍ਹਾਂ ਨੇ ਘਰ ਦੀਆਂ ਸਾਰੀਆਂ ਖਿੜਕੀਆਂ 'ਚ ਗਰਿੱਲਾਂ ਲਗਾ ਦਿੱਤੀਆਂ ਸਨ।ਵਰਕਫਰੰਟ ਦੀ ਗੱਲ ਕਰੀਏ ਤਾਂ ਜਾਨ੍ਹਵੀ ਕਪੂਰ ਆਖਰੀ ਵਾਰ ਵਰੁਣ ਧਵਨ ਨਾਲ ਫ਼ਿਲਮ 'ਬਵਾਲ' 'ਚ ਨਜ਼ਰ ਆਈ ਸੀ। ਹੁਣ ਉਹ ਜਲਦ ਹੀ 'ਮਿਸਟਰ ਐਂਡ ਮਿਸਿਜ਼ ਮਾਹੀ' 'ਚ ਨਜ਼ਰ ਆਵੇਗੀ।

# ਪੰਜਾਬੀ ਅਦਾਕਾਰਾ ਤਾਨੀਆ ਦਾ ਰੈੱਡ ਆਊਟਫਿੱਟ ਚ ਦਿਲਕਸ਼ ਅੰਦਾਜ਼

ਪਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਤਾਨੀਆ ਨੇ ਇਕ ਇਵੈਂਟ “Fashion Tv X Glenworld 'ਚ ਸ਼ਿਰਕਤ ਕੀਤੀ। ਪੰਜਾਬੀ ਅਦਾਕਾਰਾ ਤਾਨੀਆ ਨੇ ਆਪਣੀ ਸ਼ਾਨਦਾਰ ਐਕਟਿੰਗ ਤੇ ਮਾਸੂਮੀਅਤ ਨਾਲ ਸਭ ਦਾ ਦਿਲ ਜਿੱਤ ਲਿਆ ਹੈ।ਦੱਸ ਦਈਏ ਕਿ ਇਵੈਂਟ ਦੌਰਾਨ ਅਦਾਕਾਰਾ ਦੀਆਂ ਬਹੁਤ ਖੂਬਸੂਰਤ ਤਸਵੀਰਾਂ ਸਾਹਮਣੇ ਆਈਆਂ ਹਨ। ਇਹ ਤਸਵੀਰਾਂ ਉਸ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸ਼ੇਅਰ ਕੀਤੀਆਂ ਹਨ। ਤਸਵੀਰਾਂ 'ਚ ਅਦਾਕਾਰਾ ਗਲੈਮਰਸ ਲੁੱਕ ਨਜ਼ਰ ਆ ਰਹੀ ਹੈ। ਜਿਸ ਨੂੰ ਪ੍ਰਸ਼ੰਸਕ ਕਾਫ਼ੀ ਪਸੰਦ ਕਰ ਰਹੇ ਹਨ। ਦੱਸਣਯੋਗ ਹੈ ਕਿ ਤਾਨੀਆ ਪਾਲੀਵੁੱਡ ਦੀਆਂ ਮਸ਼ਹੂਰ ਅਦਾਕਾਰਾ 'ਚੋਂ ਇਕ ਹੈ। ਉਸ ਨੇ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ 'ਚ ਕੰਮ ਕੀਤਾ ਹੈ। ਉਸ ਦੀਆਂ ਸਾਰੀਆਂ ਫ਼ਿਲਮਾਂ ਸੁਪਰਹਿੱਟ ਰਹੀਆਂ ਹਨ।



# ਮਰਹੂਮ ਸਿੱਧੂ ਦੇ ਫੈਨਜ਼ ਨੂੰ ਵੱਡਾ ਸਰਪ੍ਰਾਈਜ਼, ਇਸ ਦਿਨ ਰਿਲੀਜ਼ ਹੋਵੇਗਾ ਨਵਾਂ ਗੀਤ



ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੇ ਆਪਣੀ ਆਵਾਜ਼ ਨਾਲ ਲੋਕਾਂ ਨੂੰ ਦੀਵਾਨਾ ਬਣਾਇਆ ਸੀ। ਅੱਜ ਭਾਵੇਂ ਉਹ ਇਸ ਦੁਨੀਆ 'ਚ ਨਹੀਂ ਰਹੇ ਪਰ ਲੋਕ ਉਨ੍ਹਾਂ ਨੂੰ ਗੀਤਾਂ ਕਾਰਨ ਅੱਜ ਵੀ ਯਾਦ ਕਰਦੇ ਹਨ। ਸਿੱਧੂ ਦੇ ਦੁਨੀਆਂ ਤੋਂ ਜਾਣ ਮਗਰੋਂ ਵੀ ਕਈ ਗੀਤ ਰਿਲੀਜ਼ ਹੋ ਰਹੇ ਹਨ, ਜਿਨ੍ਹਾਂ ਨੂੰ ਲੋਕਾਂ ਵਲੋਂ ਕਾਫ਼ੀ ਪਸੰਦ ਕੀਤਾ ਜਾਂਦਾ ਹੈ। ਹਾਲ ਹੀ 'ਚ ਸਿੱਧੂ ਦੇ ਫੈਨਜ਼ ਲਈ ਖ਼ੁਸ਼ਖਬਰੀ ਸਾਹਮਣੇ ਆਈ ਹੈ, ਜਿਸ ਨੂੰ ਜਾਣ ਕੇ ਉਨ੍ਹਾਂ ਦੇ ਚਾਹੁਣ ਵਾਲਿਆਂ ਦੇ ਚਿਹਰੇ ਖਿੜ ਜਾਣਗੇ। ਦਰਅਸਲ, ਸਿੱਧੂ ਮੂਸੇਵਾਲਾ ਦਾ ਇਕ ਨਵਾਂ ਗੀਤ ਆਉਣ ਵਾਲਾ ਹੈ। ਦੱਸ ਦਈਏ ਕਿ ਇਸ ਦੀ ਜਾਣਕਾਰੀ ਹਾਲੀਵੁੱਡ ਦੀ ਗਾਇਕ Stefflondon ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕੁਝ ਤਸਵੀਰਾਂ ਸਾਂਝੀਆਂ ਕਰਦਿਆਂ ਦਿੱਤੀ ਹੈ। ਗਾਇਕਾ ਨੇ ਆਪਣੇ ਇੰਸਟਾਗ੍ਰਾਮ 'ਤੇ ਆਪਣੀ ਐਲਬਮ ਦੀ ਤਸਵੀਰ ਸ਼ੇਅਰ ਕਰਦਿਆਂ ਦੱਸਿਆ ਕਿ ISLAND 54 THE ALBUM - XX - JUNE...। ਉਨ੍ਹਾਂ ਦੀ ਇਸ ਪੋਸਟ ਤੋਂ ਸਾਫ ਪਤਾ ਚੱਲ ਰਿਹਾ ਹੈ ਕਿ ਸਿੱਧੂ ਮੂਸੇਵਾਲਾ ਦੇ ਗਾਇਕਾ ਦਾ ਗੀਤ 'ਡਿਲੇਮਾ' ਅਗਲੇ ਮਹੀਨੇ ਯਾਨੀਕਿ ਜੂਨ 'ਚ ਰਿਲੀਜ਼ ਹੋਵੇਗਾ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਸਿੱਧੂ ਮੂਸੇਵਾਲਾ ਦਾ 7ਵਾਂ ਗੀਤ '410' ਰਿਲੀਜ਼ ਹੋਇਆ ਸੀ। ਸੰਨੀ ਮਾਲਟਨ ਨੇ ਆਪਣੇ ਯੂਟਿਊਬ ਚੈਨਲ ‘ਤੇ ਇਸ ਗੀਤ ਨੂੰ ਰਿਲੀਜ਼ ਕੀਤਾ ਸੀ। ਇਸ ਗੀਤ ਨੂੰ ਸਿੱਧੂ ਮੂਸੇਵਾਲਾ ਅਤੇ ਸੰਨੀ ਮਾਲਟਨ ਨੇ ਲਿਖਿਆ ਹੈ।

# ਇਟਲੀ ਦੇ ਸੈਨਾਲੁੰਗਾ ਸ਼ਹਿਰ 'ਚ ਸਜਾਇਆ ਗਿਆ ਅਲੌਕਿਕ ਨਗਰ ਕੀਰਤਨ (ਤਸਵੀਰਾਂ)

ਸੈਂਟਰ ਇਟਲੀ ਦੀ ਸਟੇਟ ਤੁਸਕਾਨਾ ਨੂੰ ਅਮੀਰ ਲੋਕਾਂ ਦੇ ਵਿਆਹਾਂ ਤੇ ਸੋਹਣੇ ਰੈਸਟੋਰੈਂਟਾਂ ਵਾਲੀ ਧਰਤੀ ਕਰਕੇ ਜਾਣਿਆ ਜਾਂਦਾ ਹੈ। ਇਸੇ ਇਲਾਕੇ ਦੇ ਜ਼ਿਲ੍ਹਾ ਸੈਨਾ ਦੀਆਂ ਸੰਗਤਾਂ ਵੱਲੋ ਸਥਾਨਿਕ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਚੌਥਾ ਮਹਾਨ ਨਗਰ ਸਜਾਇਆ ਗਿਆ। ਇਸ ਦੌਰਾਨ ਕੇਸਰੀ ਦਸਤਾਰਾਂ ਸਜਾ ਕੇ ਪਹੁੰਚੀਆ ਸੰਗਤਾਂ ਨੇ ਚੜ੍ਹਦੀ ਕਲਾ ਦੇ ਜੈਕਾਰੇ ਲਾਉਂਦਿਆਂ ਇਸ ਖ਼ਾਸ ਦਿਹਾੜੇ ਨੂੰ ਖਾਲਸਾਈ ਰੰਗ ਵਿਚ ਰੰਗਦਿਆ ਭਰਵੀਂਆਂ ਹਾਜ਼ਰੀਆਂ ਭਰਦਿਆਂ ਨਗਰ ਕੀਰਤਨ ਦੀਆਂ ਰੌਣਕਾਂ ਨੂੰ ਵਧਾਇਆ। ਇਸ ਨਗਰ ਕੀਰਤਨ ਵਿੱਚ ਜਿੱਥੇ ਇਟਲੀ ਦੇ ਵੱਖ-ਵੱਖ ਹਿੱਸਿਆਂ ਤੋਂ ਸਿੱਖ ਸੰਗਤਾਂ ਉਚੇਚੇ ਤੌਰ 'ਤੇ ਪੁੱਜੀਆਂ ਸਨ, ਉੱਥੇ ਬਹੁਤ ਸਾਰੇ ਇਟਾਲੀਅਨ ਲੋਕਾਂ ਨੇ ਨਗਰ ਕੀਰਤਨ ਵਿੱਚ ਬੜੇ ਚਾਈਂ-ਚਾਈਂ ਸ਼ਮੂਲੀਅਤ ਕੀਤੀ। ਸਥਾਨਿਕ ਮੈਂਬਰ ਪਾਰਲੀਮੈਂਟ ਦੁਆਰਾ ਵੀ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਕੇ ਸਿੱਖ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਗਈਆਂ।ਪੰਜ ਪਿਆਰਿਆਂ ਤੇ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਅਤੇ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਸਜਾਏ ਨਗਰ ਕੀਰਤਨ ਵਿੱਚ ਸਥਾਨਿਕ ਪੁਲਸ ਪ੍ਰਸ਼ਾਸ਼ਨ ਤੋਂ ਇਲਾਵਾ ਕਈ ਹੋਰ ਉੱਚ ਅਧਿਕਾਰੀਆਂ ਨੇ ਸ਼ਮੂਲੀਅਤ ਕਰਕੇ ਵਧਾਈਆਂ ਦਿੱਤੀਆਂ ਤੇ ਸ਼ਮੂਲੀਅਤ ਲਈ ਭੇਜੇ ਸੱਦਾ ਪੱਤਰ ਸੰਦੇਸ਼ਾਂ ਲਈ ਵੀ ਧੰਨਵਾਦ ਕੀਤਾ। ਨਿਹੰਗ ਸਿੰਘਾਂ ਵੱਲੋਂ ਗਤਕਾ ਕਲਾ ਦੇ ਜੌਹਰ ਵਿਖਾਏ ਗਏ। ਪ੍ਰਬੰਧਕ ਕਮੇਟੀ ਵੱਲੇ ਦੂਰੋਂ ਨੇੜਿਓ ਆਏ ਸੇਵਾਦਾਰਾਂ ਅਤੇ ਲੰਗਰਾਂ ਦਾ ਪ੍ਰਬੰਧ ਕਰਨ ਵਾਲੀਆਂ ਸੰਗਤਾਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ।



# ਬੰਗਲਾਦੇਸ਼ ਦੇ ਤੱਟੀ ਹਿੱਸਿਆਂ 'ਚ 'ਰੇਮਲ' ਨੇ ਤਬਾਹੀ ਮਚਾਈ, 7 ਲੋਕਾਂ ਦੀ ਮੌਤ, ਲੱਖਾਂ ਘਰਾਂ ਦੀ ਬਿਜਲੀ ਠੱਪ



ਬੰਗਲਾਦੇਸ਼ ਦੇ ਤੱਟ ਵਰਤੀ ਇਲਕਾਕਿਆਂ ਵਿਚ ਚੱਕਰਵਾਤ ਤੂਫ਼ਾਨ ਰੇਮਲ ਦੇ ਟਕਰਾਉਣ ਤੋਂ ਬਾਅਦ 7 ਲੋਕਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਇਸ ਤੂਫ਼ਾਨ ਕਾਰਨ ਲੱਖਾਂ ਘਰਾਂ ਦੀ ਬਿਜਲੀ ਠੱਪ ਹੋ ਗਈ ਹੈ। ਰੇਮਲ ਦੇ ਤੱਟ ਨਾਲ ਟਕਰਾਉਣ 'ਤੇ 120 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਤੋਂ ਤੇਜ਼ ਹਵਾਵਾਂ ਚੱਲੀਆਂ ਅਤੇ ਸੈਂਕੜੇ ਪਿੰਡਾਂ ਵਿਚ ਪਾਣੀ ਭਰ ਗਿਆ। ਮੌਸਮ ਵਿਭਾਗ ਨੇ ਦੱਸਿਆ ਕਿ ਰੇਮਲ ਸੋਮਵਾਰ ਸਵੇਰੇ ਥੋੜ੍ਹਾ ਕਮਜ਼ੋਰ ਹੋਇਆ ਅਤੇ ਹਵਾ ਦੀ ਗਤੀ 80 ਤੋਂ 90 ਕਿਲੋਮੀਟਰ ਪ੍ਰਤੀ ਘੰਟਾ ਦਰਦ ਕੀਤੀ ਗਈ। ਚੱਕਰਵਾਤੀ ਤੂਫਾਨ ਐਤਵਾਰ ਅੱਧੀ ਰਾਤ ਨੂੰ ਤੱਟ ਨਾਲ ਟਕਰਾਇਆ ਸੀ। ਵਿਭਾਗ ਨੇ ਦੱਸਿਆ ਕਿ ਸਵੇਰੇ 5.30 ਵਜੇ ਸਾਗਰ ਟਾਪੂ ਤੋਂ 150 ਕਿਲੋਮੀਟਰ ਉੱਤਰ-ਪੂਰਬ 'ਚ ਸਥਿਤ ਚੱਕਰਵਾਤੀ ਤੂਫਾਨ ਕਾਰਨ ਤੇਜ਼ ਬਾਰਿਸ਼ ਹੋਈ। ਹਾਲਾਂਕਿ, ਉੱਤਰ-ਪੂਰਬ ਦਿਸ਼ਾ ਵੱਲ ਵਧਦੇ ਹੋਏ 'ਰਿਮਲ' ਕਮਜ਼ੋਰ ਹੋ ਗਿਆ। 'ਰੇਮਲ' ਇਸ ਸਾਲ ਦੇ ਮਾਨਸੂਨ ਸੀਜ਼ਨ ਤੋਂ ਪਹਿਲਾਂ ਬੰਗਾਲ ਦੀ ਖਾੜੀ ਵਿੱਚ ਬਣਨ ਵਾਲਾ ਪਹਿਲਾ ਚੱਕਰਵਾਤੀ ਤੂਫ਼ਾਨ ਹੈ। ਮੌਨਸੂਨ ਦਾ ਮੌਸਮ ਜੂਨ ਤੋਂ ਸਤੰਬਰ ਤੱਕ ਰਹਿੰਦਾ ਹੈ।ਹਿੰਦ ਮਹਾਸਾਗਰ ਖੇਤਰ ਵਿੱਚ ਚੱਕਰਵਾਤ ਦਾ ਨਾਮਕਰਨ ਕਰਨ ਵਾਲੀ ਪ੍ਰਣਾਲੀ ਵਿਸ਼ਵ ਮੌਸਮ ਵਿਗਿਆਨ ਸੰਗਠਨ (WMO) ਦੇ ਅਨੁਸਾਰ ਓਮਾਨ ਨੇ ਚੱਕਰਵਾਤ ਦਾ ਨਾਮ 'ਰੇਮਲ' (ਅਰਬੀ ਵਿੱਚ ਰੇਤ) ਰੱਖਿਆ ਹੈ। ਚੱਕਰਵਾਤੀ ਤੂਫਾਨ ਦੇ ਨਾਲ ਤੇਜ਼ ਹਵਾਵਾਂ ਚੱਲੀਆਂ ਅਤੇ ਭਾਰੀ ਮੀਂਹ ਪਿਆ, ਜਿਸ ਦਾ ਅਸਰ ਬਾਰੀਸਾਲ, ਭੋਲਾ, ਪਟੁਆਖਾਲੀ, ਸਤਖੀਰਾ ਅਤੇ ਚਟੋਂਗਰਾਮ ਸਮੇਤ ਖੇਤਰਾਂ ਵਿੱਚ ਦੇਖਣ ਨੂੰ ਮਿਲਿਆ।

# 5ਵੇਂ ਪਾਤਸ਼ਾਹ ਤੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ 2 ਰੋਜ਼ਾ ਵਿਸ਼ਾਲ ਸ਼ਹੀਦੀ ਸਮਾਗਮ 1-2 ਜੂਨ ਨੂੰ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕਰਵਾਉਣ ਦਾ ਮਹਾਨ ਕਾਰਜ ਤੇ ਸ੍ਰੀ ਹਰਿਮੰਦਿਰ ਸਾਹਿਬ ਜੀ ਦੀ ਸਥਾਪਨਾ ਕਰਵਾਉਣ ਵਾਲੇ ਸ਼ਹੀਦਾਂ ਦੇ ਸਿਰਤਾਜ ਸਿੱਖ ਧਰਮ ਦੇ 5ਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀਓ ਦੇ 418ਵੇਂ ਸ਼ਹੀਦੀ ਦਿਵਸ ਤੇ ਸੰਨ 1984 ਵਿੱਚ ਹਕੂਮਤ ਵੱਲੋਂ ਕਰਵਾਏ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਸਮਾਗਮ 1 ਅਤੇ 2 ਜੂਨ ਦਿਨ ਸ਼ਨੀਵਾਰ ਤੇ ਐਤਵਾਰ 2024 ਨੂੰ ਲਾਸੀਓ ਸੂਬੇ ਦੇ ਸ਼ਹਿਰ ਪੁਨਤੀਨੀਆਂ (ਲਾਤੀਨਾ) ਸਥਿਤ ਗੁਰਦੁਆਰਾ ਸਾਹਿਬ ਸਿੰਘ ਸਭਾ ਪੁਰਾਣੀ ਇਮਾਰਤ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾਪੂਰਵਕ ਕਰਵਾਇਆ ਜਾ ਰਿਹਾ ਹੈ। ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨੂੰ ਇਹ ਜਾਣਕਾਰੀ ਭਾਈ ਜਗਜੀਤ ਸਿੰਘ ਮੱਲੀ ਪ੍ਰਧਾਨ ਗੁਰਦੁਆਰਾ ਸਾਹਿਬ ਸਿੰਘ ਸਭਾ ਪੁਰਾਣੀ ਇਮਾਰਤ ਪੁਨਤੀਨੀਆਂ ਨੇ ਦਿੰਦਿਆਂ ਕਿਹਾ ਕਿ ਇਸ ਸ਼ਹੀਦੀ ਸਮਾਗਮ ਮੌਕੇ 30 ਮਈ ਨੂੰ ਸ਼ਾਮ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ 1 ਜੂਨ ਨੂੰ ਆਰੰਭੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਜਾਵੇਗਾ।ਇਸ ਤਰ੍ਹਾਂ ਹੀ 2 ਜੂਨ ਨੂੰ ਵੀ ਕੀਰਤਨ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਜਾਵੇਗਾ ਜਿਨ੍ਹਾਂ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ, ਰਾਗੀ, ਢਾਡੀ ਤੇ ਕਥਾ ਵਾਚਕ ਮਹਾਨ ਸਿੱਖ ਧਰਮ ਦਾ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਇਤਿਹਾਸ ਸਰਵਣ ਕਰਵਾਉਣਗੇ। ਜਿਨ੍ਹਾਂ ਵਿੱਚ ਭਾਈ ਬਲਜਿੰਦਰ ਸਿੰਘ ਦਮਦਮੀ ਟਕਸਾਲ ਵਾਲੇ ਤੇ ਕਵੀਸ਼ਰ ਜੱਥਾ ਜਾਗੋ ਵਾਲਾ ਇੰਗਲੈਂਡ ਦੀ ਧਰਤੀ ਤੋਂ ਹਾਜ਼ਰੀ ਭਰੇਗਾ। ਇਲਾਕੇ ਦੀ ਸਮੂਹ ਸੰਗਤ ਨੂੰ ਇਸ ਵਿਸ਼ਾਲ ਸ਼ਹੀਦੀ ਸਮਾਗਮ ਵਿੱਚ ਹਾਜ਼ਰੀ ਭਰਕੇ ਕੌਮ ਦੇ ਮਹਾਨ ਸ਼ਹੀਦਾਂ ਨੂੰ ਸਰਧਾਂਜਲੀ ਦੇਣ ਲਈ ਹੁੰਮਹੁੰਮਾਂ ਕੇ ਪਹੁੰਚਣ ਦੀ ਅਪੀਲ ਹੈ।



# ਮਹਾਰਾਜਾ ਰਣਜੀਤ ਸਿੰਘ ਜੀ ਦੀ ਜੀਵਨੀ



## ਮਹਾਰਾਜਾ ਰਣਜੀਤ ਸਿੰਘ

ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸ਼ੁਕਰਚੱਕੀਆ ਮਿਸਲ ਨਾਲ ਸੰਬਧਤ ਘਰ ਵਿੱਚ ਹੋਇਆ। ਮਹਾਰਾਜਾ ਰਣਜੀਤ ਸਿੰਘ ਭਾਵੇਂ ਅਨਪੜ੍ਹ ਰਿਹਾ ਪਰ ਉਸ ਨੇ ਤਲਵਾਰਬਾਜ਼ੀ ਅਤੇ ਘੋੜਸਵਾਰੀ ਵਿਚ ਬੜੀ ਨਿਪੁੰਨਤਾ ਹਾਸਿਲ ਕੀਤੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਬਚਪਨ ਤੋਂ ਹੀ ਆਪਣੀ ਬਹਾਦਰੀ ਦੇ ਜੌਹਰ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ। 1797 ਈਸਵੀ ਵਿੱਚ ਜਦੋਂ ਰਣਜੀਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੀ ਵਾਗਡੋਰ ਸੰਭਾਲੀ ਤਾਂ ਉਸ ਸਮੇਂ ਪੰਜਾਬ ਦੀ ਰਾਜਨੀਤਿਕ ਸਥਿਤੀ ਬੜੀ ਗੰਭੀਰ ਸੀ। ਮਹਾਰਾਜਾ ਰਣਜੀਤ ਸਿੰਘ ਇੱਕ ਹਨੇਰਮਈ ਯੁੱਗ ਵਿੱਚੋਂ ਲੰਘ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀਆਂ ਜਿੱਤਾਂ ਦੀ ਸ਼ੁਰੂਆਤ 1799 ਈਸਵੀ ਵਿੱਚ ਲਾਹੌਰ ਦੀ ਜਿੱਤ ਤੋਂ ਕੀਤੀ ਸੀ ਪਰ ਮੁਲਤਾਨ,ਕਸ਼ਮੀਰ ਅਤੇ ਪੇਸ਼ਾਵਰ ਮਹਾਰਾਜਾ ਰਣਜੀਤ ਸਿੰਘ ਦੀਆਂ ਹੋਰ ਸਭ ਤੋਂ ਮਹੱਤਵਪੂਰਨ ਸਥਾਨ ਸਨ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਬਹਾਦਰੀ ਅਤੇ ਯੋਗਤਾ ਦੇ ਸਿਰ ਤੇ ਆਪਣੇ ਛੋਟੇ ਜਿਹੇ ਰਾਜ ਨੂੰ ਇੱਕ ਵਿਸ਼ਾਲ ਅਤੇ ਸ਼ਕਤੀਸ਼ਾਲੀ ਸਾਮਰਾਜ ਵਿੱਚ ਤਬਦੀਲ ਕਰ ਦਿੱਤਾ ਸੀ।ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸ਼ੁਕਰਚੱਕੀਆ ਮਿਸਲ ਨਾਲ ਸੰਬਧਿਤ ਨੇਤਾ ਮਹਾਂ ਸਿੰਘ ਦੇ ਘਰ 1780 ਈਸਵੀ ਵਿੱਚ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਜਨਮ ਮਿਤੀ ਅਤੇ ਜਨਮ ਸਥਾਨ ਬਾਰੇ ਇਤਿਹਾਸਕਾਰਾਂ ਵਿਚ ਬਹੁਤ ਮਤਭੇਦ ਪਾਇਆ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਜਨਮ ਮਿਤੀ 2 ਨਵੰਬਰ 1780 ਈਸਵੀ ਨੂੰ ਦੱਸਦੇ ਹਨ ਅਤੇ ਇਤਿਹਾਸਕਾਰਾਂ ਨੇ ਆਪਣਾ ਅਧਾਰ ਉਨ੍ਹਾਂ ਸ਼ਬਦਾਂ ਨੂੰ ਬਣਾਇਆ ਹੈ ਜੋ ਮਹਾਂ ਸਿੰਘ ਦੀ ਹਵੇਲੀ ਦੇ ਇੱਕ ਕਮਰੇ ਦੇ ਬਾਹਰ ਉਲੀਕੇ ਹੋਏ ਸਨ। ਮਹਾਰਾਜਾ ਰਣਜੀਤ ਸਿੰਘ ਦਾ ਜਨਮ ਪਿੰਡ ਗੁਜਰਾਂਵਾਲਾ ਵਿਖੇ ਹੋਇਆ ਸੀ।

ਮਹਾਰਾਜਾ ਰਣਜੀਤ ਸਿੰਘ ਆਪਣੇ ਮਾਪਿਆਂ ਦੀ ਇੱਕੋ-ਇੱਕ ਸੰਤਾਨ ਸੀ ਇਸ ਲਈ ਉਸ ਦਾ ਪਾਲਣ-ਪੋਸ਼ਣ ਬੜੇ ਹੀ ਲਾਡ-ਪਿਆਰ ਨਾਲ ਕੀਤਾ ਗਿਆ ਸੀ। ਰਣਜੀਤ ਸਿੰਘ ਮੁਹਾਲੀ ਛੋਟਾ ਹੀ ਸੀ ਕਿ ਉਸ ਦੀ ਚੇਚਕ ਦੀ ਬਿਮਾਰੀ ਨੇ ਹਮਲਾ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਜਦੋਂ ਪੰਜ ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਗੁਜ਼ਰਾਂਵਾਲਾ ਵਿਖੇ ਭਾਈ ਭਾਗ ਸਿੰਘ ਦੀ ਧਰਮਸ਼ਾਲਾ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ। ਮਹਾਰਾਜਾ ਰਣਜੀਤ ਸਿੰਘ ਪੜ੍ਹਾਈ ਵਿਚ ਬਹੁਤਾ ਹੁਸ਼ਿਆਰ ਨਹੀਂ ਸੀ ਇਸ ਕਰਕੇ ਉਹ ਸਾਰੀ ਉਮਰ ਅਨਪੜ੍ਹ ਹੀ ਰਿਹਾ। ਮਹਾਰਾਜਾ ਰਣਜੀਤ ਸਿੰਘ ਜ਼ਿਆਦਾ ਸਮਾਂ ਘੋੜਸਵਾਰੀ ਕਰਨ ਤਲਵਾਰਬਾਜੀ ਸਿੱਖਣ ਤੇ ਸ਼ਿਕਾਰ ਖੇਡਣ ਵਿੱਚ ਬਤੀਤ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਯੋਗਤਾ ਨੂੰ ਦੇਖਦੇ ਹੋਏ ਉਸ ਦੇ ਪਿਤਾ ਮਹਾਂ ਸਿੰਘ ਨੇ ਭਵਿੱਖਬਾਣੀ ਕੀਤੀ ਸੀ ਕਿ "ਗੁਜਰਾਂਵਾਲਾ ਦਾ ਰਾਜ ਮੇਰੇ ਬਹਾਦਰ ਪੁੱਤਰ ਰਣਜੀਤ ਸਿੰਘ ਲਈ ਕਾਫ਼ੀ ਨਹੀਂ ਹੋਵੇਗਾ ਉਹ ਇਕ ਮਹਾਨ ਯੋਧਾ ਬਣੇਗਾ।"ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਬਹੁਤ ਛੋਟੀ ਉਮਰ ਵਿੱਚ ਹੋ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਸਿਰਫ 16 ਵਰ੍ਹਿਆਂ ਦੇ ਸਨ ਜਦੋਂ ਕਿ ਕਨਹੀਆ ਮਿਸਲ ਦੇ ਸਰਦਾਰ ਜ਼ੈਲ ਸਿੰਘ ਦੀ ਪੁੱਤਰੀ ਅਤੇ ਗੁਰਬਖਸ਼ ਸਿੰਘ ਦੀ ਪੁੱਤਰੀ ਮਹਿਤਾਬ ਕੌਰ ਨਾਲ ਹੋ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਨੇ ਰਣਜੀਤ ਸਿੰਘ ਨੂੰ ਸ਼ਕਤੀ ਵਧਾਉਣ ਵਿੱਚ ਬੜਾ ਸ਼ਲਾਘਾਯੋਗ ਯੋਗਦਾਨ ਦਿੱਤਾ।

ਮਹਾਰਾਜਾ ਰਣਜੀਤ ਸਿੰਘ (1780-1839), ਜਿਸਨੂੰ ਸ਼ੇਰ-ਏ-ਪੰਜਾਬ ਜਾਂ ਸਰਕਾਰ ਵਜੋਂ ਜਾਣਿਆ ਜਾਂਦਾ ਹੈ, ਪੰਜ ਦਰਿਆਵਾਂ ਦੀ ਧਰਤੀ ਉੱਤੇ ਰਾਜ ਕਰਨ ਵਾਲਾ ਪਹਿਲਾ ਮੂਲ ਪੰਜਾਬੀ ਸੀ। ਇੱਕ ਦੁਰਲੱਭ ਭੂ-ਰਣਨੀਤਕ ਦ੍ਰਿਸ਼ਟੀ ਦੇ ਕਾਰਨ, ਮਹਾਰਾਜਾ ਰਣਜੀਤ ਸਿੰਘ ਸਤਲੁਜ ਤੋਂ ਕਾਬੁਲ ਖੰਡਰ, ਕਸ਼ਮੀਰ ਅਤੇ ਲੱਦਾਖ ਖੇਤਰਾਂ ਤੱਕ ਰਾਜ ਕੀਤਾ। ਉਸ ਦੀ ਪਵਿੱਤਰ ਨਗਰੀ ਨਾਲ ਬਹੁਤ ਸਾਂਝ ਸੀ। ਲਾਹੌਰ ਵਿਖੇ ਆਪਣੇ ਠਹਿਰਨ ਦੌਰਾਨ, ਉਹ ਅਕਸਰ ਹਰਿਮੰਦਰ ਸਾਹਿਬ ਜਾਂਦੇ ਸਨ ਅਤੇ ਲੰਬੇ ਠਹਿਰਨ ਲਈ ਇੱਥੇ ਇੱਕ ਗਰਮੀਆਂ ਦਾ ਮਹਿਲ ਬਣਵਾਇਆ ਸੀ।

ਸ਼ਹਿਰ ਦਾ ਪ੍ਰਸ਼ਾਸਨ ਮਹਾਨ ਮਹਾਰਾਜਾ ਦੇ ਸਮਾਨ ਦੀ ਦੇਖਭਾਲ ਕਰਨ ਵਿੱਚ ਅਸਫਲ ਰਿਹਾ ਅਤੇ ਕਈ ਸਮਾਰਕਾਂ ਵੱਲ ਧਿਆਨ ਦੇਣ ਦੀ ਦੁਹਾਈ ਦਿੱਤੀ ਗਈ, ਪਰ ਕੋਈ ਵੀ ਰਾਮਬਾਗ ਦਾ ਦੌਰਾ ਕਰਕੇ ਮਹਾਰਾਜਾ ਦੀ ਮਹਾਨਤਾ ਨੂੰ ਮਹਿਸੂਸ ਕਰ ਸਕਦਾ ਹੈ, ਜਿੱਥੇ ਕੁਝ ਸਮਾਰਕ ਸੁਰੱਖਿਅਤ ਹਨ। ਪਹਿਲਾਂ ਇਹ ਬਾਗ 84 ਏਕੜ ਵਿੱਚ ਫੈਲਿਆ ਹੋਇਆ ਸੀ, ਪਰ ਕੰਕਰੀਟ ਦੀਆਂ ਸੜਕਾਂ ਅਤੇ ਚਾਰੇ ਪਾਸੇ ਵੱਡੇ-ਵੱਡੇ ਕਬਜ਼ੇ ਹੋਣ ਕਾਰਨ 35 ਏਕੜ ਦਾ ਰਕਬਾ ਲੋਕਾਂ ਲਈ ਖੁੱਲ੍ਹਾ ਛੱਡ ਦਿੱਤਾ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਵਿਸਥਾਰ

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਉੱਤਰ ਵਿੱਚ ਲੱਦਾਖ ਤੋਂ ਲੈ ਕੇ ਦੱਖਣ ਵਿਚ ਸ਼ਿਕਾਰਪੁਰ ਤੱਕ ਅਤੇ ਪੂਰਬ ਵਿੱਚ ਸਤਲੁਜ ਨਦੀ ਤੋਂ ਲੈ ਕੇ ਪੱਛਮ ਵਿਚ ਪਿਸ਼ਾਵਰ ਤੱਕ ਫੈਲਿਆ ਹੋਇਆ ਸੀ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸ਼ਾਸਨ ਕਾਲ ਦੇ ਦੌਰਾਨ ਇੱਕ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਨਾ ਕੇਵਲ ਬਹੁਤ ਸਾਰੇ ਦੇਸ਼ਾਂ ਨੂੰ ਆਪਣੇ ਅਧੀਨ ਕੀਤਾ ਸਗੋਂ ਉਨ੍ਹਾਂ ਪ੍ਰਤੀ ਇਕ ਸਫਲ ਸ਼ਾਸ਼ਨ ਨੀਤੀ ਵੀ ਅਪਣਾਈ ਸੀ। ਜਿਨ੍ਹਾਂ ਸ਼ਾਸਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧਿਰਾਜਗੀ ਦੀਆਂ ਸ਼ਰਤਾਂ ਨੂੰ ਸਵੀਕਾਰ ਕਰ ਲਿਆ ਸੀ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਇਲਾਕੇ ਵਾਪਿਸ ਕਰ ਦਿੱਤੇ ਸਨ।

## ਮਹਾਰਾਜਾ ਰਣਜੀਤ ਸਿੰਘ ਦਾ ਸਹਿਯੋਗ

ਮਹਾਰਾਜਾ ਰਣਜੀਤ ਸਿੰਘ ਨੇ ਜਦੋਂ 1797 ਈਸਵੀ ਵਿਚ ਸ਼ੁਕਰਚੱਕੀਆ ਮਿਸਲ ਦੀ ਵਾਗਡੋਰ ਸੰਭਾਲੀ ਸੀ ਤਾਂ ਪੰਜਾਬ ਵਿਚ ਚਾਰੇ ਪਾਸੇ ਅਸ਼ਾਂਤੀ ਅਤੇ ਗੜਬੜੀ ਫ਼ੈਲੀ ਹੋਈ ਸੀ। ਪੰਜਾਬ ਵਿਚ ਮੁਗਲਾਂ ਦਾ ਰਾਜ ਖ਼ਤਮ ਹੋ ਚੁੱਕਿਆ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਖੰਡਰਾਂ ਤੇ ਸਿੱਖਾਂ ਅਫਗਾਨਾ ਅਤੇ ਰਾਜਪੂਤਾਨੇ ਆਪਣੇ ਛੋਟੇ ਛੋਟੇ ਰਾਜ ਸਥਾਪਿਤ ਕਰ ਲਏ ਸਨ। ਜਦੋਂ ਮਹਾਰਾਜਾ ਰਣਜੀਤ ਸਿੰਘ 17 ਵਰ੍ਹਿਆਂ ਦਾ ਹੋ ਗਿਆ ਤਾਂ ਉਸ ਨੇ ਸ਼ਾਸ਼ਨ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਅਤੇ ਤਕੜੀ ਦੀ ਸਰਪ੍ਰਸਤੀ ਦਾ ਅੰਤ ਕਰਨ ਦਾ ਫੈਸਲਾ ਕੀਤਾ ਸੀ।

ਮਹਾਰਾਜਾ ਰਣਜੀਤ ਸਿੰਘ ਇੱਕ ਮਹਾਨ ਜੇਤੂ ਸੀ। ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਗੱਦੀ ਤੇ ਬੈਠਾਇਆ ਤਾਂ ਉਹ ਇੱਕ ਛੋਟੀ ਜਿਹੀ ਰਿਆਸਤ ਸ਼ੁਕਰਚੱਕੀਆ ਦਾ ਸਰਦਾਰ ਸੀ ਪਰ ਉਸ ਨੇ ਆਪਣੀ ਬਹਾਦਰੀ ਅਤੇ ਯੋਗਤਾ ਨਾਲ ਆਪਣੇ ਰਾਜ ਨੂੰ ਇੱਕ ਸਾਮਰਾਜ ਵਿੱਚ ਤਬਦੀਲ ਕਰ ਦਿੱਤਾ ਸੀ।

## ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ

1797 ਈਸਵੀ ਵਿੱਚ ਜਦੋਂ ਰਣਜੀਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੀ ਵਾਗਡੋਰ ਸੰਭਾਲੀ ਤਾਂ ਉਸ ਦਾ ਰਾਜ ਥੋੜੇ ਜਿਹੇ ਇਲਾਕੇ ਤੱਕ ਹੀ ਸੀਮਿਤ ਸੀ। ਮਹਾਰਾਜਾ ਰਣਜੀਤ ਸਿੰਘ ਇਸ ਛੋਟੇ ਜਿਹੇ ਇਲਾਕੇ ਨੂੰ ਸਾਮਰਾਜ ਵਿਚ ਤਬਦੀਲ ਕਰਨਾ ਚਾਹੁੰਦਾ ਸੀ ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਭ ਤੋਂ ਪਹਿਲਾਂ ਆਪਣਾ ਧਿਆਨ ਸੀ ਪੰਜਾਬ ਦੀਆਂ ਸਿੱਖ ਮਿਸਲਾਂ ਵੱਲ ਦਿੱਤਾ ਅਤੇ 12 ਮਿਸਲਾਂ ਦੀ ਸਥਾਪਨਾ ਕੀਤੀ।

ਮਹਾਰਾਜਾ ਰਣਜੀਤ ਸਿੰਘ ਨੇ ਸਭ ਤੋਂ ਪਹਿਲਾਂ ਕਨ੍ਹਈਆ ਮਿਸਲ ਨਾਲ ਮਿੱਤਰਤਾ ਦੇ ਸਬੰਧ ਕਾਇਮ ਕੀਤੀ ਅਤੇ 1796 ਈਸਵੀ ਵਿੱਚ ਸਵਰਗਵਾਸੀ ਗੁਰਬਖਸ਼ ਸਿੰਘ ਦੀ ਪੁੱਤਰੀ ਮਹਿਤਾਬ ਕੌਰ ਨਾਲ ਵਿਆਹ ਕਰਵਾ ਲਿਆ। ਤਰਨਤਾਰਨ ਵਿਖੇ ਰਣਜੀਤ ਸਿੰਘ ਨੇ 1797 ਈਸਵੀ ਵਿੱਚ ਨਕਈ ਮਿਸਲ ਦੇ ਸਰਦਾਰ ਖਜਾਨ ਸਿੰਘ ਦੀ ਪੁੱਤਰੀ ਰਾਜ ਕੌਰ ਦੇ ਨਾਲ ਦੂਸਰਾ ਵਿਆਹ ਕਰਵਾ ਲਿਆ।

1801 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਫਤਿਹ ਸਿੰਘ ਆਹਲੂਵਾਲੀਆ ਵਿਚਾਲੇ ਤਰਨਤਾਰਨ ਵਿਖੇ ਮੁਲਾਕਾਤ ਹੋਈ। ਇਸ ਮੌਕੇ ਦੇ ਦੋਵਾਂ ਸਰਦਾਰਾਂ ਨੇ ਆਪਸ ਵਿਚ ਪੱਗਾਂ ਵੱਟਾ ਲਈਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਹੁੰ ਖਾਧੀ ਕਿ ਉਹ ਸਦਾ ਭਰਾਵਾਂ ਵਾਂਗ ਰਹਿਣਗੇ ਅਤੇ ਦੁੱਖ-ਸੁੱਖ ਵਿੱਚ ਇੱਕ-ਦੂਜੇ ਦਾ ਸਾਥ ਦੇਣਗੇ। ਗੁਰਮਤਾ ਸਿੱਖ ਮਿਸਲਾਂ ਦੀ ਕੇਂਦਰੀ ਸੰਸਥਾ ਸੀ। ਵੱਖ-ਵੱਖ ਮਿਸਲਾਂ ਦੇ ਸਰਦਾਰ ਇਸ ਸਭਾ ਵਿੱਚ ਸ਼ਾਮਿਲ ਹੋ ਕੇ ਵੈਰੀਆਂ ਵਿਰੁੱਧ ਕਾਰਵਾਈ ਅਤੇ ਮਹੱਤਵਪੂਰਨ ਮਾਮਲਿਆਂ ਉਤੇ ਸਾਂਝੇ ਤੌਰ ਤੇ ਵਿਚਾਰ ਕਰਿਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਇਹ ਨਹੀਂ ਸੀ ਚਾਹੁੰਦਾ ਕਿ ਕੋਈ ਮਿਸਲ ਸਰਦਾਰ ਗੁਰਮਤਾ ਦੇ ਮਾਧਿਅਮ ਰਾਹੀਂ ਉਸ ਨਾਲ ਬਰਾਬਰੀ ਦਾ ਦਾਅਵਾ ਕਰੀ ਇਸ ਲਈ ਉਸਨੇ 1805 ਈਸਵੀ ਵਿੱਚ ਇਸ ਸੰਸਥਾ ਦਾ ਖ਼ਾਤਮਾ ਕਰ ਦਿੱਤਾ।